KHETI DUNIYAN, PATIALA
Excellence in Agri Info
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
Rs.10/-
# ਖੇਤੀ ਦੁਨੀਆਂ
All Subject to Patiala Jurisdiction.
www.khetiduniyan.in

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ

Editor : Jagpreet Singh • RNI/PUNPUN00806 • Issue Dated 24-05-2025 • Vol.43 No.21 • Ph. : 0175-2214575, 90410-14575 • Page : 16 E-mail : khetiduniyan1983@gmail.com

## ਝੋਨੇ ਦੀ ਤੰਦਰੁਸਤ ਪਨੀਰੀ ਤਿਆਰ ਕਰਨ ਲਈ ਅਹਿਮ ਨੁਕਤੇ



**ਝੋਨੇ ਦੀ ਤੰਦਰੁਸਤ ਪਨੀਰੀ ਵਧੇਰੇ ਝਾੜ ਲਈ ਬੁਨਿਆਦੀ ਲੋੜ ਹੈ । ਪਨੀਰੀ ਵਿੱਚ ਖੁਰਾਕੀ ਤੱਤਾਂ ਦੀ ਘਾਟ, ਨਦੀਨਾਂ ਦੀ ਸਮੱਸਿਆ ਅਤੇ ਵਿਰਲੀ ਪਨੀਰੀ ਦੀ ਸਮੱਸਿਆ ਅਕਸਰ ਦੇਖਣ ਵਿੱਚ ਆਉਂਦੀ ਹੈ । ਝੋਨੇ ਦੀ ਨਰੋਈ ਪਨੀਰੀ ਤਿਆਰ ਕਰਨ ਲਈ ਹੇਠਾਂ ਦੱਸੇ ਨੁਕਤੇ ਅਪਣਾਓ ।**

**ਖੇਤ ਦੀ ਤਿਆਰੀ ਅਤੇ ਪਨੀਰੀ ਬੀਜਣ ਦਾ ਢੰਗ** : ਝੋਨੇ ਦੀ ਪਨੀਰੀ ਵਾਲੇ ਖੇਤ ਵਿੱਚ 12-15 ਟਨ ਚੰਗੀ ਤਰ੍ਹਾਂ ਗਲੀ-ਸੜੀ ਰੂੜੀ ਪਾਉਣ ਉਪਰੰਤ ਰੂੜੀ ਨੂੰ ਖੇਤ ਵਿੱਚ ਰਲਾਉਣ ਲਈ ਇੱਕ-ਦੋ ਵਾਰੀ ਵਾਹ ਕੇ ਪਾਣੀ ਲਗਾ ਦਿਓ ਤਾਂ ਜੋ ਖੇਤ ਅਤੇ ਰੂੜੀ ਵਿਚਲੇ ਨਦੀਨਾਂ ਦੇ ਨਾਲ-ਨਾਲ ਪਿਛਲੇ ਸਾਲ ਦੇ ਝੋਨੇ ਦੇ ਕਿਰੇ ਬੀਜ ਜੰਮ ਪੈਣ । ਖੇਤ



ਨੂੰ ਵੱਤਰ ਆਉਣ 'ਤੇ 2-3 ਵਾਰੀ ਵਹਾਈ ਕਰੋ ਅਤੇ ਸੁਹਾਗਾ ਮਾਰੋ, ਜਿਸ ਨਾਲ ਉੱਗੇ ਹੋਏ ਨਦੀਨ ਵੀ ਖਤਮ ਹੋ ਜਾਂਦੇ ਹਨ ਅਤੇ ਖੇਤ ਠੀਕ ਤਿਆਰ ਹੋ ਜਾਂਦਾ ਹੈ । ਰੂੜੀ ਦੀ ਘਾਟ ਹੋਣ 'ਤੇ ਝੋਨੇ ਦੀ ਪਨੀਰੀ ਨੂੰ ਸਿਹਤਮੰਦ ਰੱਖਣ ਲਈ ਪਨੀਰੀ ਨੂੰ 26 ਕਿਲੋ ਯੂਰੀਆ, 60 ਕਿਲੋ ਸੁਪਰ ਫਾਸਫੇਟ ਅਤੇ 40 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21%) ਜਾਂ 25.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33%) ਪ੍ਰਤੀ ਏਕੜ ਨੂੰ ਖੇਤ ਵਿੱਚ ਪਾਓ । ਜ਼ਿੰਕ ਸਲਫੇਟ ਪਾਉਣ ਨਾਲ ਪਨੀਰੀ ਨੂੰ ਜ਼ਿੰਕ ਦੀ ਘਾਟ ਨਹੀਂ ਆਉਂਦੀ । ਇੱਕ ਏਕੜ ਦੀ ਪਨੀਰੀ ਤਿਆਰ ਕਰਨ ਲਈ 8 ਕਿਲੋ ਸੋਧੇ ਅਤੇ ਪੁੰਗਰੇ ਬੀਜ ਨੂੰ ਲਗਭਗ 6.5 ਮਰਲੇ ਵਿੱਚ ਛੱਟਾ ਦਿਓ । ਹਲਕੀਆਂ ਜ਼ਮੀਨਾਂ ਵਿੱਚ ਪਾਣੀ ਖੜ੍ਹਾ ਹੋਣ ਦੀ ਸਮੱਸਿਆ ਆਉਣ ਕਰਕੇ ਅਕਸਰ ਲੋਹੇ ਦੀ ਘਾਟ ਦੇਖਣ ਨੂੰ ਮਿਲ ਜਾਂਦੀ ਹੈ, ਜਿਸ ਨਾਲ ਪਨੀਰੀ ਖਤਮ ਹੋ ਜਾਂਦੀ ਹੈ । ਇਸ ਕਰਕੇ ਕਿਸਾਨ ਵੀਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਹਲਕੀਆਂ ਜ਼ਮੀਨਾਂ ਵਿੱਚ ਪਨੀਰੀ ਨਾ ਬੀਜਣ ਅਤੇ ਝੋਨੇ ਦੀ ਪਨੀਰੀ ਨੂੰ ਸਿਫਾਰਿਸ਼ ਕੀਤੇ ਤਰੀਕੇ ਨਾਲ ਹੀ ਬੀਜਣ ।

**ਨਦੀਨਾਂ ਦੀ ਰੋਕਥਾਮ** : ਸੁਆਂਕ ਅਤੇ ਕਈ ਤਰ੍ਹਾਂ ਦੇ ਹੋਰ ਮੌਸਮੀ ਨਦੀਨ ਝੋਨੇ ਦੀ ਪਨੀਰੀ ਦੀ ਗੁਣਵੱਤਾ ਨੂੰ ਘਟਾ ਦਿੰਦੇ ਹਨ । ਨਦੀਨ-ਨਾਸ਼ਕ ਦੀ ਸਹੀ ਮਿਕਦਾਰ ਅਤੇ ਸਹੀ ਸਮੇਂ 'ਤੇ ਵਰਤੋਂ ਕਰਨੀ ਬਹੁਤ ਜ਼ਰੂਰੀ ਹੈ, ਕਿਉਕਿ ਕਈ ਵਾਰ ਇਹ ਦੇਖਿਆ ਗਿਆ ਹੈ ਕਿ ਕਿਸਾਨ ਵੀਰ ਝੋਨੇ ਦੀ ਪਨੀਰੀ ਬੀਜਣ ਤੋਂ 1-2 ਦਿਨਾਂ ਬਾਅਦ ਹੀ ਨਦੀਨ-ਨਾਸ਼ਕ ਖੇਤ ਵਿੱਚ ਪਾ ਦਿੰਦੇ ਹਨ, ਜਿਸ ਕਾਰਨ ਪਨੀਰੀ ਸੜ ਜਾਂਦੀ ਹੈ । ਇਸ ਲਈ ਕਿਸਾਨਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਸਿਫਾਰਿਸ਼ ਨਦੀਨ-ਨਾਸ਼ਕ ਜਿਵੇਂ ਕਿ 1200 ਮਿ. ਲੀ. ਬੂਟਾਕਲੋਰ 50 ਈ. ਸੀ. ਪ੍ਰਤੀ ਏਕੜ ਨੂੰ 60 ਕਿਲੋ ਰੇਤ ਵਿੱਚ ਮਿਲਾ ਕੇ ਬਿਜਾਈ ਤੋਂ 3 ਦਿਨਾਂ ਬਾਅਦ ਪਾ ਕੇ ਪਨੀਰੀ ਨੂੰ ਨਦੀਨ-ਨਾਸ਼ਕ ਜਿਵੇਂ ਕਿ 1200 ਮਿ. ਲੀ. ਬੂਟਾਕਲੋਰ 50 ਈ. ਸੀ. ਪ੍ਰਤੀ ਏਕੜ ਨੂੰ 60 ਕਿਲੋ ਰੇਤ ਵਿੱਚ ਮਿਲਾ ਕੇ ਪੁੰਗਰੇ ਹੋਏ ਬੀਜ ਦਾ ਛੱਟਾ ਦੇਣ ਤੋਂ 7 ਦਿਨ ਬਾਅਦ ਪਾਉਣ ਜਾਂ 500 ਮਿ. ਲੀ. ਸੋਫਿਟ 37.5 ਈ. ਸੀ. ਪ੍ਰਤੀ ਏਕੜ ਨੂੰ 60 ਕਿਲੋ ਰੇਤ ਵਿੱਚ ਮਿਲਾ ਕੇ ਬਿਜਾਈ ਤੋਂ 3 ਦਿਨ ਬਾਅਦ ਪਾ ਕੇ ਪਨੀਰੀ ਨੂੰ ਨਦੀਨ ਰਹਿਤ ਰੱਖਣ ਲਈ ਵਰਤਣ । ਜੇਕਰ ਖੇਤ ਵਿੱਚ ਸੁਆਂਕ ਦੇ ਨਾਲ ਮੋਥੇ ਦੀ ਸਮੱਸਿਆ ਹੋਵੇ ਤਾਂ ਨੋਮਿਨੀ ਗੋਲਡ 10 ਐਸ. ਸੀ. (ਬਿਸਪਾਇਰੀਬੈਕ) 100 ਮਿ. ਲੀ. ਪ੍ਰਤੀ ਏਕੜ ਨੂੰ ਪਨੀਰੀ ਬੀਜਣ ਤੋਂ 15-20 ਦਿਨਾਂ ਪਿੱਛੋਂ 150 ਲੀਟਰ ਪਾਣੀ ਵਰਤ ਕੇ ਛਿੜਕਾਅ ਕਰੋ, ਇਸ ਨਦੀਨ-ਨਾਸ਼ਕ ਦੇ ਛਿੜਕਾਅ ਤੋਂ ਪਹਿਲਾਂ ਫ਼ਸਲ ਵਿੱਚ ਖੜ੍ਹੇ ਪਾਣੀ ਨੂੰ ਕੱਢ ਦਿਓ ਅਤੇ ਛਿੜਕਾਅ ਤੋਂ ਅਗਲੇ ਦਿਨ, ਪਾਣੀ ਲਾਓ ।

**ਪਾਣੀ ਅਤੇ ਛੋਟੇ ਖੁਰਾਕੀ ਤੱਤਾਂ ਦੀ ਸੁਯੋਗ ਵਰਤੋਂ** : ਪਨੀਰੀ ਨੂੰ ਲੋੜ ਅਨੁਸਾਰ ਪਾਣੀ ਦੇ ਕੇ ਗਿੱਲਾ ਰੱਖੋ, ਪਰ ਲਗਾਤਾਰ ਪਾਣੀ ਖੜ੍ਹਾ ਨਾ ਰਹਿਣ ਦਿਓ । ਪਨੀਰੀ ਵਿੱਚ ਕਈ ਵਾਰ ਲੋਹੇ ਦੀ ਘਾਟ ਕਰਕੇ ਨਵੇਂ ਨਿਕਲਦੇ ਪੱਤੇ ਹਲਕੇ ਪੀਲੇ ਜਾਂ ਚਿੱਟੇ ਹੋ ਜਾਂਦੇ ਹਨ । ਹਲਕੀਆਂ ਜ਼ਮੀਨਾਂ ਵਿੱਚ ਪਾਣੀ ਦੀ ਘਾਟ ਹੋਵੇ ਤਾਂ ਲੋਹੇ ਦੀ ਘਾਟ ਜ਼ਿਆਦਾ ਆਉਂਦੀ ਹੈ । ਇਸ ਲਈ 0.5-1.0% ਲੋਹੇ (ਫੈਰਸ ਸਲਫੇਟ) ਦਾ ਛਿੜਕਾਅ ਕਰੋ, ਇਸ ਲਈ 0.5-1.0 ਕਿਲੋ ਫੈਰਸ ਸਲਫੇਟ ਨੂੰ 100 ਲੀਟਰ ਪਾਣੀ ਵਿੱਚ ਘੋਲੋ ਅਤੇ 2-3 ਛਿੜਕਾਅ ਹਫਤੇ-ਹਫਤੇ ਦੇ ਵਕਫੇ 'ਤੇ ਕਰੋ ਅਤੇ ਪਨੀਰੀ ਨੂੰ ਪਾਣੀ ਦੀ ਘਾਟ ਨਾ ਆਉਣ ਦਿਓ । ਕਈ ਵਾਰ ਜ਼ਿੰਕ ਦੀ ਘਾਟ ਕਰਕੇ ਪੱਤਿਆਂ 'ਤੇ ਜੰਗਾਲੇ ਰੰਗ ਦੇ ਧੱਬੇ ਪੈ ਜਾਂਦੇ ਹਨ, ਇਸ ਲਈ ਜ਼ਿੰਕ ਦੀ ਪੂਰਤੀ ਲਈ ਅੱਧਾ ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21%) ਨੂੰ 100 ਲੀਟਰ ਪਾਣੀ ਵਿੱਚ ਘੋਲ ਕੇ ਇਸ ਦਾ ਛਿੜਕਾਅ ਕਰੋ ।

**ਅਮਿਤ ਕੌਲ, ਗੋਬਿੰਦਰ ਸਿੰਘ ਅਤੇ ਅਮਿਤ ਸਲਾਰੀਆ, ਫ਼ਸਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ**
(ਮੋ. 81464-00233)

BEW
ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ
4 IN 1 COMBO
BEW ਸੁਪਰ ਸੀਡਰ



• ਲੋਨ ਉਪਲੱਬਧ
• ਪਾਉਡਰ ਕੋਟਿੰਗ ਪੇਂਟ
• ਸਬਸਿਡੀ ਉਪਲੱਬਧ
• ਪੇਟੇਂਟ ਡਿਜਾਇਨ
• ਬੁਕਿੰਗ ਸ਼ੁਰੂ
TOLL FREE NUMBER 1800-120-004455
• KS AGROTECH PVT. LTD.
• BHAGWAN ENGINNERING WORKS
• KS POWERTECH PVT. LTD.
• KS AGRICULTURAL INDUSTRIES PVT. LTD.
Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co




## ਕਣਕ ਦੇ ਨਾੜ ਨੂੰ ਅੱਗ ਲਗਾਉਣ ਦੇ ਨੁਕਸਾਨ

- ਜ਼ਮੀਨ ਦੀ ਉਪਜਾਊ ਸ਼ਕਤੀ ਘੱਟਦੀ ਹੈ।
- ਬਹੁਤ ਸਾਰੀਆਂ ਪ੍ਰਜਾਤੀਆਂ ਦੇ ਮਿੱਤਰ ਕੀੜੇ ਮਰ ਜਾਂਦੇ ਹਨ।
- ਫਸਲਾਂ ਨੂੰ ਵੱਧ ਬਿਮਾਰੀਆਂ ਲੱਗਦੀਆਂ ਹਨ ਜਿਸਨੂੰ ਕਾਬੂ ਕਰਨ ਲਈ ਜ਼ਿਆਦਾ ਜ਼ਹਿਰਾਂ ਦਾ ਛਿੜਕਾਅ ਕਰਨਾ ਪੈਂਦਾ ਹੈ। ਇਹ ਜ਼ਹਿਰਾਂ ਵਾਤਾਵਰਨ ਨੂੰ ਹੋਰ ਵੀ ਵਧੇਰੇ ਪਲੀਤ ਕਰਦੀਆਂ ਹਨ।
- ਵਾਤਾਵਰਨ ਵਿੱਚ ਫੈਲਦਾ ਜ਼ਹਿਰੀਲਾ ਧੂੰਆਂ ਅੱਖਾਂ ਅਤੇ ਫੇਫੜਿਆਂ ਦੀਆਂ ਗੰਭੀਰ ਬਿਮਾਰੀਆਂ ਕਾਰਨ ਬਣਦਾ ਹੈ।



# ਮਿੱਟੀ ਦੀ ਚੰਗੇਰੀ ਸਿਹਤ ਲਈ ਹਰੀ ਖਾਦ ਦੀ ਵਰਤੋਂ ਯਕੀਨੀ ਬਣਾਓ

ਉਪਿੰਦਰ ਸਿੰਘ ਸੰਧੂ, ਅਤੇ ਰਾਜੀਵ ਸਿੱਕਾ,
ਭੂਮੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 98884-60091)

ਕਿਸੇ ਵੀ ਫਸਲੀ ਚੱਕਰ ਵਿਚ ਹਰੀਆਂ ਖਾਦਾਂ ਦੀ ਵਰਤੋਂ ਖੁਰਾਕੀ ਤੱਤਾਂ ਨੂੰ ਸੰਭਾਲ ਕੇ ਰੱਖਣ, ਸਾਲ ਦੇ ਕਈ ਮਹੀਨਿਆਂ ਵਿਚ ਜਦੋਂ ਫਸਲ ਨਹੀਂ ਬੀਜੀ ਹੁੰਦੀ ਉਦੋਂ ਮਿੱਟੀ ਦੀ ਉੱਪਰਲੀ ਤੈਅ ਨੂੰ ਸੁਰੱਖਿਅਤ ਰੱਖਣ ਅਤੇ ਜ਼ਮੀਨ ਵਿਚ ਮੱਲੜ ਅਤੇ ਨਾਈਟਰੋਜਨ ਦੀ ਮਾਤਰਾ ਨੂੰ ਵਧਾਉਣ ਦੇ ਨਾਲ-ਨਾਲ ਉਹਨਾਂ ਦੀ ਉਪਲੱਬਧਤਾ ਨੂੰ ਯਕੀਨੀ ਬਣਾਉਂਦੀ ਹੈ ।

**ਹਰੀ ਖਾਦ ਲਈ ਫਸਲ ਦੀ ਚੋਣ** : ਹਰੀ ਖਾਦ ਲਈ ਫਲੀਦਾਰ ਫਸਲਾਂ ਜਿਵੇਂ ਕਿ ਜੰਤਰ/ਢੈਂਚਾ, ਸਣ, ਰਵਾਂਹ, ਮੂੰਗੀ, ਮਾਂਹ ਆਦਿ ਨੂੰ ਤਰਜੀਹ ਦੇਣੀ ਚਾਹੀਦੀ ਹੈ । ਇਹਨਾਂ ਫਸਲਾਂ ਦੀਆਂ ਜੜ੍ਹਾਂ ਵਿਚ ਗੰਢਾਂ ਹੁੰਦੀਆਂ ਹਨ ਜੋ ਕਿ ਹਵਾ ਵਿਚਲੀ ਨਾਈਟਰੋਜਨ ਨੂੰ ਜ਼ਮੀਨ ਵਿਚ ਜਮ੍ਹਾਂ ਕਰਨ ਦੀ ਸਮਰੱਥਾ ਰੱਖਦੀਆਂ ਹਨ । ਹਰੀ ਖਾਦ ਵਾਲੀ ਫਸਲ ਛੇਤੀ ਵੱਧਣ, ਪਾਣੀ ਦੀ ਮੰਗ ਘੱਟ ਕਰਨ ਅਤੇ ਵਧੇਰੇ ਜੈਵਿਕ ਮਾਦਾ ਪੈਦਾ ਕਰਨ ਵਾਲੀ ਹੋਣੀ ਚਾਹੀਦੀ ਹੈ । ਹਰੀ ਖਾਦ ਵਾਲੀ ਫਸਲ ਦੀਆਂ ਜੜ੍ਹਾਂ ਡੂੰਘੀਆਂ ਜਾਣ ਵਾਲੀਆਂ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਡੂੰਘੇ ਚਲੇ ਗਏ ਖੁਰਾਕੀ ਤੱਤਾਂ ਨੂੰ ਇਹ ਉੱਪਰਲੀ ਪਰਤ ਵਿਚ ਲਿਆ ਸਕਣ । ਕਿਸਾਨ ਹਰੀ ਖਾਦ ਲਈ ਢੈਂਚਾ, ਸਣ ਅਤੇ ਰਵਾਂਹ ਆਦਿ ਨੂੰ ਹੀ ਹਰੀ ਖਾਦ ਦੇ ਰੂਪ ਵਿਚ ਬੀਜ ਸਕਦੇ ਹਨ ।

**ਸਾਰਣੀ 1 : ਹਰੀ ਖਾਦ ਵਿਚ ਪਾਈ ਜਾਣ ਵਾਲੀ ਨਾਈਟ੍ਰੋਜਨ ਅਤੇ ਸੁੱਕੇ ਮਾਦੇ ਦਾ ਵੇਰਵਾ**

| ਫਸਲ | ਸੁੱਕਾ ਮਾਦਾ (ਕੁਇੰਟਲ/ਏਕੜ) | ਨਾਈਟ੍ਰੋਜਨ (ਕਿਲੋ/ਏਕੜ) |
|---|---|---|
| ਢੈਂਚਾ | 15-17 | 30-35 |
| ਰਵਾਂਹ | 16-17 | 35-40 |
| ਸਣ | 15-18 | 30-35 |

**ਹਰੀ ਖਾਦ ਦੀ ਕਾਸ਼ਤ**

ਪੰਜਾਬ ਵਿਚ ਮੁੱਖ ਤੌਰ ਤੇ ਜੰਤਰ/ਢੈਂਚਾ, ਸਣ ਅਤੇ ਰਵਾਂਹ ਆਦਿ ਫਸਲਾਂ ਹਰੀ ਖਾਦ ਦੇ ਤੌਰ ਤੇ ਵਰਤੀਆਂ ਜਾਂਦੀਆਂ ਹਨ । ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਹਰੀ ਖਾਦ ਲਈ ਜੰਤਰ ਦੀ ਪੰਜਾਬ ਢੈਂਚਾ 1, ਸਣ ਦੀ ਪੀ ਏ ਯੂ 1691 ਅਤੇ ਨਰਿੰਦਰ ਸਣੀ 1, ਰਵਾਂਹ ਲਈ ਸੀ ਐਲ 367 ਅਤੇ ਰਵਾਂਹ 88 ਕਿਸਮਾਂ ਦੀ ਸਿਫਾਰਿਸ਼ ਕੀਤੀ ਗਈ ਹੈ । ਹਰੀ ਖਾਦ ਲਈ ਕਣਕ ਵੱਢਣ ਤੋਂ ਬਾਅਦ ਖੇਤ ਨੂੰ ਪਾਣੀ ਲਾਓ । ਇਸ ਪਿੱਛੋਂ 20 ਕਿਲੋ ਢੈਂਚਾ ਜਾਂ ਸਣ, ਜਾਂ 12 ਕਿਲੋ ਰਵਾਂਹ ਦਾ ਬੀਜ ਜਿਹੜਾ 8 ਘੰਟੇ ਲਈ ਭਿੱਜਿਆ ਹੋਵੇ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤ ਕੇ 22.5 ਸੈਂਟੀਮੀਟਰ ਦੇ ਫਾਸਲੇ ਤੇ ਡਰਿੱਲ ਨਾਲ ਕਤਾਰਾਂ ਵਿਚ ਜਾਂ ਛਿੱਟੇ ਨਾਲ ਬਿਜਾਈ ਕਰੋ । ਫਾਸਫੋਰਸ ਦੀ ਘਾਟ ਵਾਲੇ ਖੇਤਾਂ ਵਿਚ ਹਰੀ ਖਾਦ ਤੋਂ ਚੰਗਾ ਲਾਹਾ ਲੈਣ ਲਈ ਝੋਨੇ ਵਿਚ ਵਰਤੀ ਜਾਣ ਵਾਲੀ ਫਾਸਫੋਰਸ ਦੀ ਖਾਦ ਨੂੰ (75 ਕਿਲੋਗ੍ਰਾਮ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ) ਹਰੀ ਖਾਦ ਦੀ ਬਿਜਾਈ ਵੇਲੇ ਖੇਤ ਵਿਚ ਪਾ ਦੇਣਾ ਚਾਹੀਦਾ ਹੈ । ਇਸ ਨਾਲ ਹਰੀ ਖਾਦ ਦਾ ਵਾਧਾ ਚੰਗਾ ਹੁੰਦਾ ਹੈ ਅਤੇ ਨਾਈਟ੍ਰੋਜਨ ਜਮ੍ਹਾਂ ਕਰਨ ਦੀ ਸਮਰੱਥਾ ਵੱਧਦੀ ਹੈ । ਇਸ ਤੋਂ ਬਾਅਦ ਬੀਜੀ ਜਾਣ ਵਾਲੀ ਝੋਨੇ ਦੀ ਫਸਲ ਨੂੰ ਫਾਸਫੋਰਸ ਵਾਲੀ ਖਾਦ ਪਾਉਣ ਦੀ ਲੋੜ ਨਹੀਂ ਪੈਂਦੀ । ਹਰੀ ਖਾਦ ਵਾਲੀ ਫਸਲ ਨੂੰ ਤਕਰੀਬਨ 3-4 ਪਾਣੀਆਂ ਦੀ ਲੋੜ ਪੈਂਦੀ ਹੈ ਅਤੇ ਤਕਰੀਬਨ 6-8 ਹਫਤਿਆਂ ਵਿਚ ਜਦੋਂ ਫਸਲ ਫੁੱਲਾਂ ਤੇ ਆਉਂਦੀ ਹੈ, ਤਿਆਰ ਹੋ ਜਾਂਦੀ ਹੈ । 15-20 ਅਪ੍ਰੈਲ ਨੂੰ ਬੀਜੀ ਜਾਣ ਵਾਲੀ ਫਸਲ, 10-15 ਜੂਨ ਦੇ ਨੇੜੇ ਤਿਆਰ ਹੋ ਜਾਂਦੀ ਹੈ । ਝੋਨਾ ਲਾਉਣ ਤੋਂ ਇਕ ਦਿਨ ਪਹਿਲਾਂ ਹਰੀ ਖਾਦ ਦੀ ਫਸਲ ਰੋਟਾਵੇਟਰ ਜਾਂ ਤਵੀਆਂ ਨਾਲ ਵਾਹ ਦੇਣੀ ਚਾਹੀਦੀ ਹੈ । ਇਸ ਤਰ੍ਹਾਂ ਦਬਾਈ ਗਈ ਹਰੀ ਖਾਦ ਹੌਲੀ-ਹੌਲੀ ਗਲਦੀ ਰਹਿੰਦੀ ਹੈ ਅਤੇ ਅਗਲੀ ਫਸਲ ਨੂੰ ਖੁਰਾਕੀ ਤੱਤ ਮਿਲਦੇ ਰਹਿੰਦੇ ਹਨ ।

**ਹਰੀ ਖਾਦ ਦੇ ਫਾਇਦੇ :**

1. ਹਰੀ ਖਾਦ ਮਿੱਟੀ ਦੀ ਸਿਹਤ ਵਿਚ ਸੁਧਾਰ ਲਿਆਉਣ ਦਾ ਇਕ ਪ੍ਰਭਾਵਸ਼ਾਲੀ ਅਤੇ ਸਸਤਾ ਤਰੀਕਾ ਹੈ ।

2. ਹਰੀ ਖਾਦ ਮਿੱਟੀ ਦੀ ਬਣਤਰ ਠੀਕ ਕਰਨ, ਜ਼ਮੀਨ ਦੀ ਪਾਣੀ ਨੂੰ ਜਜ਼ਬ ਕਰਨ ਦੀ ਸਮਰੱਥਾ ਵਧਾਉਣ ਅਤੇ ਮਿੱਟੀ ਦਾ ਭੌਂ-ਖੋਰ ਘਟਾਉਣ ਵਿਚ ਸਹਾਈ ਹੁੰਦੀ ਹੈ । ਮਿੱਟੀ ਦੀ ਚੰਗੇਰੀ ਸਿਹਤ ਲਈ ਹਰੀ ਖਾਦ ਦੀ ਵਰਤੋਂ ਯਕੀਨੀ ਬਣਾਓ ।

3. ਹਰੀ ਖਾਦ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਿਚ ਚੋਖਾ ਵਾਧਾ ਹੁੰਦਾ ਹੈ ਕਿਉਂਕਿ ਇਹ ਜ਼ਮੀਨ ਵਿਚ ਨਾਈਟ੍ਰੋਜਨ, ਫਾਸਫੋਰਸ, ਪੋਟਾਸ਼ ਅਤੇ ਹੋਰ ਲਘੂ ਤੱਤਾਂ ਦੀ ਮਾਤਰਾ ਵਿਚ ਵਾਧਾ ਕਰਦੀ ਹੈ ।

4. ਢੈਂਚਾ/ਸਣ/ਰਵਾਂਹ ਦੀ ਫਸਲ ਨੂੰ 6-7 ਹਫਤੇ ਪਿੱਛੋਂ ਝੋਨਾ ਲਾਉਣ ਤੋਂ ਇਕ ਜਾਂ ਦੋ ਦਿਨ ਪਹਿਲਾਂ ਖੇਤ ਵਿਚ ਵਾਹੁਣ ਨਾਲ ਝੋਨੇ ਲਈ 25 ਕਿਲੋ ਨਾਈਟ੍ਰੋਜਨ ਪ੍ਰਤੀ ਏਕੜ ਦੀ ਬੱਚਤ ਹੁੰਦੀ ਹੈ ਅਤੇ ਝੋਨੇ ਵਿਚ ਲੋਹੇ ਦੀ ਕਮੀ ਆਉਣ ਦੇ ਆਸਾਰ ਘੱਟ ਜਾਂਦੇ ਹਨ ।

5. ਢੈਂਚਾ/ਸਣ/ਰਵਾਂਹ ਦੀ ਫਸਲ ਨੂੰ 6-7 ਹਫਤੇ ਪਿੱਛੋਂ ਬਾਸਮਤੀ ਲਾਉਣ ਤੋਂ ਇਕ ਜਾਂ ਦੋ ਦਿਨ ਪਹਿਲਾਂ ਖੇਤ ਵਿਚ ਵਾਹੁਣ ਨਾਲ ਬਾਸਮਤੀ ਵਿਚ ਯੂਰੀਆ ਖਾਦ ਦੀ ਲੋੜ ਨਹੀਂ ਪੈਂਦੀ ।

6. ਕਣਕ ਤੋਂ ਬਾਅਦ ਬੀਜੀ ਗਰਮ ਰੁੱਤ ਦੀ ਮੂੰਗੀ ਦੀਆਂ ਫਲੀਆਂ ਤੋੜਨ ਉਪਰੰਤ ਮੂੰਗੀ ਦਾ ਹਰਾ ਟਾਂਗਰ ਝੋਨਾ ਲਾਉਣ ਤੋਂ ਇਕ ਜਾਂ ਦੋ ਦਿਨ ਪਹਿਲਾਂ ਖੇਤ ਵਿਚ ਦਬਾਉਣ ਨਾਲ ਝੋਨੇ ਦਾ ਝਾੜ ਵੱਧ ਜਾਂਦਾ ਹੈ ਅਤੇ ਝੋਨੇ ਨੂੰ ਨਾਈਟ੍ਰੋਜਨ ਦਾ ਤੀਜਾ ਹਿੱਸਾ ਘੱਟ ਪਾਉਣਾ ਪੈਂਦਾ ਹੈ ।

7. ਹਰੀ ਖਾਦ ਤੋਂ ਬਾਅਦ ਬੀਜੀ ਜਾਣ ਵਾਲੀ ਫਸਲ ਵਿਚ ਨਦੀਨਾਂ ਦੀ ਸਮੱਸਿਆ ਘੱਟ ਆਉਂਦੀ ਹੈ, ਕਿਉਂਕਿ ਹਰੀ ਖਾਦ ਵਾਲੀ ਫਸਲ ਜਲਦੀ ਵੱਧਣ ਕਰਕੇ ਨਦੀਨਾਂ ਨੂੰ ਦੱਬ ਲੈਂਦੀ ਹੈ ਅਤੇ ਜੋ ਨਦੀਨ ਖੇਤ ਵਿਚ ਉੱਗਦੇ ਪਏ ਹੋਣ ਉਹ ਬੀਜ ਬਣਨ ਤੋਂ ਪਹਿਲਾਂ ਹਰੀ ਖਾਦ ਨੂੰ ਖੇਤ ਵਿਚ ਵਾਹੁਣ ਸਮੇਂ ਖੇਤ ਵਿਚ ਦੱਬ ਜਾਂਦੇ ਹਨ ।

8. ਹਰੀ ਖਾਦ ਜ਼ਮੀਨ ਵਿਚ ਲਾਭਦਾਇਕ ਜੀਵਾਣੂਆਂ ਦੀ ਸੰਖਿਆ ਵਧਾਉਣ ਵਿਚ ਮਦਦ ਕਰਦੀ ਹੈ ।

9. ਹਰੀ ਖਾਦ ਦੀ ਵਰਤੋਂ ਨਾਲ ਖਾਰੀਆਂ ਜ਼ਮੀਨਾਂ ਵਿਚ ਮੁੜ ਸੁਧਾਰ ਕੀਤਾ ਜਾ ਸਕਦਾ ਹੈ ।

10. ਹਰੀ ਖਾਦ ਜ਼ਮੀਨ ਵਿਚ ਨੀਮਾਟੋਡ ਦੀ ਸਮੱਸਿਆ ਨੂੰ ਵੀ ਹੱਲ ਕਰਨ ਵਿਚ ਸਹਾਈ ਹੁੰਦੀ ਹੈ ।

# ਲੀਚੀ ਵਿਚ ਫਲ ਦੇ ਗੜੂੰਏਂ ਦੀ ਵਾਤਾਤਰਨ-ਪੱਖੀ ਤਰੀਕਿਆਂ ਨਾਲ ਸਰਵਪੱਖੀ ਰੋਕਥਾਮ

ਸਨਦੀਪ ਸਿੰਘ, ਹਰਪਾਲ ਸਿੰਘ ਰੰਧਾਵਾ ਅਤੇ
ਸੁਮਨਜੀਤ ਕੌਰ, ਫਲ ਵਿਗਿਆਨ ਵਿਭਾਗ,
ਪੀ. ਏ. ਯੂ., ਲੁਧਿਆਣਾ (ਮੋ. 98154-13046)

**ਪੰਜਾਬ ਵਿਚ ਨੀਮ ਪਹਾੜੀ ਜ਼ਿਲ੍ਹਿਆਂ ਜਿਵੇਂ ਕਿ ਗੁਰਦਾਸਪੁਰ, ਹੁਸ਼ਿਆਰਪੁਰ, ਰੂਪ ਨਗਰ, ਐਸ. ਏ. ਐਸ. ਨਗਰ (ਮੁਹਾਲੀ) ਅਤੇ ਪਟਿਆਲਾ ਵਿਚ ਲੀਚੀ ਦੀ ਕਾਸ਼ਤ ਸਫਲਤਾਪੂਰਵਕ ਕੀਤੀ ਜਾਂਦੀ ਹੈ । ਫਲ ਦਾ ਗੜੂੰਆਂ, ਕੋਨੋਪੋਮੋਰਫਾ ਸਾਈਨੇਨਸਿਸ ਲੀਚੀ ਦਾ ਮਹੱਤਵਪੂਰਣ ਕੀੜਾ ਹੈ ਜੋ ਕਿ ਪੰਜਾਬ ਦੇ ਲੀਚੀ ਉਗਾਉਣ ਵਾਲੇ ਖੇਤਰਾਂ ਵਿਚ ਫਲਾਂ ਨੂੰ ਭਾਰੀ ਨੁਕਸਾਨ ਪਹੁੰਚਾਉਂਦਾ ਹੈ । ਨਮੀ ਵਾਲੇ ਵਾਤਾਵਰਣ ਦੀਆਂ ਸਥਿਤੀਆਂ ਵਿਚ ਖਾਸ ਤੌਰ 'ਤੇ ਫਲਾਂ ਦੇ ਪੱਕਣ ਦੌਰਾਨ, ਇਹ ਕੀੜਾ ਗੰਭੀਰ ਨੁਕਸਾਨ ਕਰਕੇ ਫਲਾਂ ਦੀ ਵਿਕਰੀਯੋਗਤਾ 'ਤੇ ਮਹੱਤਵਪੂਰਣ ਪ੍ਰਭਾਵ ਪਾਉਂਦਾ ਹੈ ।**



**ਪਛਾਣ**

ਇਸਦੇ ਅੰਡੇ ਪੀਲੇ ਰੰਗ ਦੇ ਹੁੰਦੇ ਹਨ ਅਤੇ ਫਲ-ਭਿੱਤੀ ਦੀ ਉਭਰਵੀਂ ਸਤ੍ਹਾ 'ਤੇ ਦਿੱਤੇ ਜਾਂਦੇ ਹਨ । ਸੁੰਡੀ ਦਾ ਰੰਗ ਚਿੱਟਾ ਹੁੰਦਾ ਹੈ ਅਤੇ ਇਸ ਦੇ ਸਿਰ 'ਤੇ ਤਿਕੋਣੀ ਆਕਾਰ ਦਾ ਨਿਸ਼ਾਨ ਹੁੰਦਾ ਹੈ । ਇਸ ਦੇ ਪਿਊਪੇ ਕੋਕੂਨ ਵਿਚ ਬਣਦੇ ਹਨ ਅਤੇ ਕੋਕੂਨ ਦਾ ਰੰਗ ਪਾਰਦਰਸ਼ੀ ਚਿੱਟਾ ਹੁੰਦਾ ਹੈ । ਬਾਲਗ ਸਲੇਟੀ ਭੂਰੇ ਰੰਗ ਦੇ ਹੁੰਦੇ ਹਨ ।

**ਨੁਕਸਾਨ ਦੇ ਲੱਛਣ**

ਇਸ ਕੀੜੇ ਦੀ ਸੁੰਡੀ ਫਲਾਂ ਨੂੰ ਭਾਰੀ ਨੁਕਸਾਨ ਪਹੁੰਚਾਉਂਦੀ ਹੈ । ਅੰਡਿਆਂ ਵਿੱਚੋਂ ਬਾਹਰ ਨਿਕਲਣ ਤੋਂ ਬਾਅਦ, ਸੁੰਡੀ ਸਿੱਧਾ ਫਲਾਂ ਵੱਲ ਵਧਦੀ ਹੈ ਇਸਦੇ ਫੁੱਲ-ਡੰਡਲ ਵਿਚ ਛੇਦ ਕਰਦੀ ਹੈ ਅਤੇ ਮਈ-ਜੂਨ ਦੇ ਦੌਰਾਨ ਅੰਦਰਲੇ ਨਰਮ ਹਿੱਸੇ ਨੂੰ ਖਾਂਦੀ ਹੈ । ਨਤੀਜੇ ਵਜੋਂ ਫਲਾਂ ਦੀ ਗੁਣਵੱਤਾ ਘੱਟਦੀ ਹੈ ਅਤੇ ਹਮਲੇ ਹੇਠ ਆਏ ਫਲ ਹੇਠਾਂ ਕਿਰ ਜਾਂਦੇ ਹਨ । ਹਮਲੇ ਹੇਠ ਆਏ ਫਲਾਂ ਤੇ ਡੰਡੀ ਵਾਲੇ ਪਾਸੇ ਕਾਲੇ ਧੱਬੇ ਪੈ ਜਾਂਦੇ ਹਨ । ਇਸ ਦੇ ਪਿਊਪੇ ਪੱਤਿਆਂ ਦੇ ਬਣਦੇ ਹਨ ।

**ਵਾਤਾਵਰਨ-ਸਹਾਈ ਸਰਵਪੱਖੀ ਰੋਕਥਾਮ**

ਲੀਚੀ ਵਿਚ ਫਲ ਦੇ ਗੜੂੰਏਂ ਦੀ ਰੋਕਥਾਮ ਲਈ ਹੇਠਾਂ ਦਿੱਤੇ ਗਏ ਵਾਤਾਵਰਨ-ਸਹਾਈ ਸਰਵਪੱਖੀ ਰੋਕਥਾਮ ਦੀ ਪੀ ਏ ਯੂ ਲੁਧਿਆਣਾ ਵਲੋਂ ਸਿਫਾਰਸ਼ ਕੀਤੀ ਗਈ ਹੈ :

★ ਬਾਗਾਂ ਵਿੱਚੋਂ ਕਾਉਂ ਮੱਕੀ ਅਤੇ ਗੁੱਤ ਵੇਲ ਨਦੀਨਾਂ ਦਾ ਨਾਸ਼ ਕਰੋ ਕਿਉਂਕਿ ਇਨ੍ਹਾਂ ਨਦੀਨਾਂ ਦੇ ਇਸ ਕੀੜੇ ਦੀ ਪਿਊਪਾ ਅਵਸਥਾ ਪਲਦੀ ਹੈਂ ।

★ ਬਾਗਾਂ ਵਿੱਚੋਂ ਲੀਚੀ ਦੇ ਬੂਟਿਆਂ ਦੇ ਡਿੱਗੇ ਪੱਤੇ ਅਤੇ ਟਾਹਣੀਆਂ ਨਸ਼ਟ ਕਰਕੇ ਸਾਫ-ਸਫਾਈ ਰੱਖੋ ।

★ ਗੜੂੰਏ ਦੇ ਹਮਲੇ ਵਾਲੇ ਡਿੱਗੇ ਹੋਏ ਫਲਾਂ ਨੂੰ ਲਗਾਤਾਰ ਚੁੱਕ ਕੇ ਨਸ਼ਟ ਕਰੋ ।

★ ਪ੍ਰਜੀਵੀ ਮਿੱਤਰ ਕੀੜੇ ਟ੍ਰਾਈਕੋਗ੍ਰਾਮਾ ਐਬਰੀਓਫੈਗਮ ਵਾਲੀਆਂ ਟਾਈਕੋ ਸਟਰਿਪਸ 4000 ਪ੍ਰਜੀਵੀ ਅੰਡੇ ਪ੍ਰਤੀ ਰੁੱਖ ਦੇ ਹਿਸਾਬ ਨਾਲ ਅਪ੍ਰੈਲ ਦੇ ਚੌਥੇ ਹਫਤੇ ਤੋਂ ਮਈ ਦੇ ਦੂਜੇ ਹਫਤੇ, ਹਫਤੇ-ਹਫਤੇ ਦੇ ਅੰਤਰ ਦੇ ਤਿੰਨ ਵਾਰੀ ਪੱਤਿਆਂ ਦੇ ਹੇਠਲੇ ਪਾਸੇ ਨੱਥੀ ਕਰੋ ।

★ ਮਈ ਦੇ ਤੀਜੇ ਅਤੇ ਚੌਥੇ ਹਫਤੇ ਪੀ ਏ ਯੂ ਨਿੰਮ ਦੇ ਘੋਲ ਦੇ 18 ਮਿਲੀਲਿਟਰ ਪ੍ਰਤੀ ਲਿਟਰ ਦੇ ਹਿਸਾਬ ਨਾਲ 2 ਛਿੜਕਾਅ ਅਤੇ ਜੂਨ ਦੇ ਪਹਿਲੇ ਹਫਤੇ ਪੀ ਏ ਯੂ ਧਰੇਕ ਦੇ ਘੋਲ ਦੇ 18 ਮਿਲੀਲਿਟਰ ਪ੍ਰਤੀ ਲਿਟਰ ਦੇ ਹਿਸਾਬ ਨਾਲ 1 ਛਿੜਕਾਅ ਕਰੋ ।

★ ਲੀਚੀ ਦੇ ਫਲਾਂ ਦੇ ਗੁੱਛਿਆਂ ਨੂੰ ਫਲ ਲੱਗਣ ਤੋਂ 4 ਹਫਤਿਆਂ ਬਾਅਦ ਪ੍ਰੋਪਾਈਲੀਨ ਦੇ ਬਣੇ ਹੋਏ ਨਾਨ-ਵੋਵਨ ਚਿੱਟੇ ਜਾਂ ਗੁਲਾਬੀ ਰੰਗ ਦੇ ਲਿਫਾਫਿਆਂ ਨਾਲ ਥੈਲਾਬੰਦੀ ਕਰੋ ।

**ਫਲਾਂ ਲਈ ਪੀ ਏ ਯੂ ਨਿੰਮ ਦੇ ਘੋਲ ਤਿਆਰ ਕਰਨ ਦੀ ਵਿਧੀ :**

ਚਾਰ ਕਿਲੋ ਨਿੰਮ ਦੀਆਂ ਕਰੂੰਬਲਾਂ (ਪੱਤੇ, ਹਰੀਆਂ ਟਹਿਣੀਆਂ ਅਤੇ ਨਿੰਮੋਲੀਆਂ) ਨੂੰ 10 ਲਿਟਰ ਪਾਣੀ ਵਿਚ 30 ਮਿੰਟ ਲਈ ਉਬਾਲੋ । ਇਸ ਘੋਲ ਨੂੰ ਕੱਪੜ ਛਾਣ ਕਰ ਲਓ ਅਤੇ ਤਰਲ ਨੂੰ ਸਿਫਾਰਸ਼ ਕੀਤੀ ਮਾਤਰਾ ਮੁਤਾਬਿਕ ਛਿੜਕਾਅ ਕਰੋ ।



## ਕਲਰਾਠੀਆਂ ਜ਼ਮੀਨਾਂ ਵਿੱਚ
# ਝੋਨੇ ਦੀ ਸਫਲ ਕਾਸ਼ਤ ਕਿਵੇਂ ਕਰੀਏ?

ਵਿਵੇਕ ਕੁਮਾਰ, ਮਨਜੀਤ ਕੌਰ ਅਤੇ ਕਰਮਜੀਤ ਸ਼ਰਮਾ,
ਕ੍ਰਿਸ਼ੀ ਵਿਗਿਆਨ ਕੇਂਦਰ,
ਸ੍ਰੀ ਮੁਕਤਸਰ ਸਾਹਿਬ
(ਮੋ. 98556-03629)

**ਪੰਜਾਬ ਦੇ ਤਕਰੀਬਨ 42 ਪ੍ਰਤੀਸ਼ਤ ਰਕਬੇ ਅਤੇ ਖਾਸ ਤੌਰ ਕੇ ਦੱਖਣੀ ਪੱਛਮੀ ਜ਼ਿਲ੍ਹਿਆਂ ਵਿਚ ਟਿਊਬਵੈੱਲਾਂ ਨਾਲ ਪ੍ਰਾਪਤ ਕੀਤੇ ਜ਼ਮੀਨੀ ਪਾਣੀ ਵਿਚ ਨਮਕ ਦੀ ਮਾਤਰਾ ਕਾਫੀ ਜ਼ਿਆਦਾ ਹੈ, ਜਿਸਦੀ ਸਿੰਚਾਈ ਲਈ ਲਗਾਤਾਰ ਵਰਤੋਂ ਜ਼ਮੀਨ ਦੀ ਸਿਹਤ ਅਤੇ ਖੇਤੀ ਪੈਦਾਵਾਰ ਤੇ ਮਾੜਾ ਅਸਰ ਕਰਦੀ ਹੈ। ਪ੍ਰੰਤੂ ਖਾਰੇ ਪਾਣੀ (ਜਿਸ ਵਿਚ ਸੋਡੀਅਮ ਦੇ ਕਾਰਬੋਨੇਟ ਜਾਂ ਬਾਈਕਾਰਬੋਨੇਟ ਹੁੰਦੇ ਹਨ) ਵਾਲੀਆਂ ਸਥਿਤੀਆਂ ਵਿਚ ਝੋਨੇ ਦੀ ਸਫਲ ਕਾਸ਼ਤ ਕਰਨ ਲਈ ਕੁਝ ਖਾਸ ਨੁਕਤਿਆਂ ਵੱਲ ਧਿਆਨ ਦੇਣਾ ਚਾਹੀਦਾ ਹੈ ਜੋ ਕਿ ਹੇਠ ਲਿਖੇ ਅਨੁਸਾਰ ਹਨ।**

**ਜਿਪਸਮ ਦੀ ਵਰਤੋਂ :** ਕਲਰਾਠੀਆਂ ਜ਼ਮੀਨਾਂ ਵਿਚ ਜੇਕਰ ਖਾਰੀ ਅੰਗ 9.3 ਤੋਂ ਵੱਧ ਜਾਵੇ ਤਾਂ ਜਿਪਸਮ ਪਾਉਣਾ ਲਾਹੇਵੰਦ ਰਹਿੰਦਾ ਹੈ। ਜਿਪਸਮ ਨੂੰ ਮਿੱਟੀ ਪਰਖ ਦੇ ਅਧਾਰ ਤੇ ਪਾਉਣਾ ਚਾਹੀਦਾ ਹੈ ਅਤੇ ਇਸ ਪਿੱਛੋਂ ਖੇਤ ਨੂੰ ਇੱਕ ਜਾਂ ਦੋ ਭਰਵੇਂ ਪਾਣੀ ਲਾਉਣੇ ਚਾਹੀਦੇ ਹਨ। ਇਸ ਨਾਲ ਫਸਲ ਬੀਜਣ ਤੋਂ ਪਹਿਲਾਂ ਘੁਲਣਸ਼ੀਲ ਨਮਕ ਪਾਣੀ ਵਿਚ ਘੁਲ ਕੇ ਜੜ੍ਹ ਖੇਤਰ ਤੋਂ ਹੇਠਾਂ ਜ਼ੀਰ ਜਾਂਦੇ ਹਨ।

**ਖੇਤ ਦੀ ਤਿਆਰੀ :** ਦੇਖਣ ਵਿਚ ਆਇਆ ਹੈ ਕਿ ਕਲਰਾਠੀਆਂ ਜ਼ਮੀਨਾਂ ਵਿਚ ਜਿੱਥੇ ਸੋਡੀਅਮ ਬਾਈਕਾਰਬੋਨੇਟ (ਆਰ. ਐਸ. ਸੀ.) ਦੀ ਜ਼ਿਆਦਾ ਮਾਤਰਾ ਵਾਲਾ ਪਾਣੀ ਲੱਗਦਾ ਹੋਵੇ ਉਨ੍ਹਾਂ ਜ਼ਮੀਨਾਂ ਦੀ ਜ਼ੀਰਨ ਸ਼ਕਤੀ ਮਾੜੀ ਹੁੰਦੀ ਹੈ। ਸੋਡੀਅਮ ਦੀ ਜ਼ਿਆਦਾ ਮਾਤਰਾ ਇਕੱਤਰ ਹੋਣ ਨਾਲ



ਜ਼ਮੀਨ ਦੀ ਬਣਤਰ ਵਿਚ ਗਿਰਾਵਟ ਆਉਂਦੀ ਹੈ ਜਿਸ ਕਾਰਨ ਇਸ ਵਿਚ ਹਵਾ ਨਹੀਂ ਜਾ ਸਕਦੀ ਅਤੇ ਪੌਦਿਆਂ ਦੀਆਂ ਜੜ੍ਹਾਂ ਨੂੰ ਪਾਣੀ ਅਤੇ ਖੁਰਾਕੀ ਤੱਤਾਂ ਦੀ ਉਪਲੱਬਧਤਾ ਘੱਟ ਜਾਂਦੀ ਹੈ। ਇਸ ਤਰ੍ਹਾਂ ਦੀਆਂ ਜ਼ਮੀਨਾਂ ਵਿਚ ਝੋਨੇ ਦੀ ਕਾਸ਼ਤ ਲਈ ਕੱਦੂ ਕਰਨ ਦੀ ਲੋੜ ਨਹੀਂ ਹੁੰਦੀ ਬਲਕਿ ਵਾਹੇ ਹੋਏ ਖੇਤ ਨੂੰ ਪਾਣੀ ਨਾਲ ਭਰ ਕੇ ਹਲਕਾ ਜਿਹਾ ਸੁਹਾਗਾ ਲਗਾ ਦੇਣਾ ਚਾਹੀਦਾ ਹੈ ਤਾਂ ਕਿ ਢੇਲੇ ਭੁਰ ਜਾਣ ਅਤੇ ਇਸ ਤੋਂ ਬਾਅਦ ਵਿਚ ਝੋਨੇ ਦੀ ਲੁਆਈ ਕਰ ਦੇਣੀ ਚਾਹੀਦੀ ਹੈ।


**ਕਿਸਮਾਂ ਦੀ ਚੋਣ :** ਆਮ ਤੌਰ ਤੇ ਝੋਨੇ ਦੀ ਕਾਸ਼ਤ ਤੇਜ਼ਾਬੀ ਤੇ ਖਾਰੀਆਂ ਜ਼ਮੀਨਾਂ ਵਿਚ (5 ਤੋਂ 9 ਪੀ ਐੱਚ ਤੱਕ) ਕੀਤੀ ਜਾ ਸਕਦੀ ਹੈ। ਪ੍ਰੰਤੂ ਕਲਰਾਠੀਆਂ ਜ਼ਮੀਨਾਂ ਵਿਚ ਝੋਨੇ ਦੀ ਕਾਸ਼ਤ ਲਈ ਕਿਸਮਾਂ ਦੀ ਚੋਣ ਕਰਨ ਵੇਲੇ ਧਿਆਨ ਰੱਖਣ ਦੀ ਲੋੜ ਹੁੰਦੀ ਹੈ। ਕਲਰਾਠੀਆਂ ਜ਼ਮੀਨਾਂ ਅਤੇ ਮਾੜੇ ਪਾਣੀ ਵਾਲੇ ਇਲਾਕਿਆਂ ਵਿਚ ਝੋਨੇ ਦੀ ਕਿਸਮ ਪੀ ਆਰ 127 ਦੀ ਕਾਸ਼ਤ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਜਦਕਿ ਬਾਕੀ ਕਿਸਮਾਂ ਨੂੰ ਕੁੱਝ ਖਾਸ ਨੁਕਤਿਆਂ ਦੀ ਪਾਲਣਾ ਕਰਕੇ ਸਫਲਤਾਪੂਰਵਕ ਉਗਾਇਆ ਜਾ ਸਕਦਾ ਹੈ।

**ਪਨੀਰੀ ਬੀਜਣ ਅਤੇ ਪੁੱਟ ਕੇ ਲਗਾਉਣ ਦਾ ਸਮਾਂ ਅਤੇ ਢੰਗ :** ਸਧਾਰਨ ਜ਼ਮੀਨਾਂ ਵਿਚ ਝੋਨੇ ਦੀਆਂ ਪੀ. ਆਰ. 113, ਪੀ. ਆਰ. 114, ਪੀ. ਆਰ. 121, ਪੀ. ਆਰ. 122, ਪੀ. ਆਰ. 128, ਪੀ. ਆਰ. 129, ਪੀ. ਆਰ. 131 ਅਤੇ ਪੀ. ਆਰ. 132 ਕਿਸਮਾਂ ਲਈ ਪਨੀਰੀ ਬੀਜਣ ਦਾ ਢੁੱਕਵਾਂ ਸਮਾਂ 20-25 ਮਈ ; ਪੀ. ਆਰ. 130 ਅਤੇ ਐਚ ਕੇ. ਆਰ. 47 ਲਈ 25-31 ਮਈ ਅਤੇ ਘੱਟ ਸਮਾਂ ਲੈਣ ਵਾਲੀ ਕਿਸਮ ਪੀ. ਆਰ. 126 ਲਈ 25 ਮਈ-20 ਜੂਨ ਹੈ। ਇਸੇ ਤਰ੍ਹਾਂ, ਦਰਮਿਆਨਾ ਸਮਾਂ ਲੈਣ ਵਾਲੀਆਂ ਕਿਸਮਾਂ ਨੂੰ ਬਿਜਾਈ ਤੋਂ 30-35 ਦਿਨਾਂ ਤੇ ਜਦਕਿ ਘੱਟ ਸਮਾਂ ਲੈਣ ਵਾਲੀਆਂ ਕਿਸਮ ਪੀ. ਆਰ. 126 ਨੂੰ 25-30 ਦਿਨਾਂ ਤੇ ਪਨੀਰੀ ਪੁੱਟ ਕੇ ਲਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਕਲਰਾਠੀਆਂ ਜ਼ਮੀਨਾਂ ਵਿਚ ਬੂਟੇ ਦਾ ਮੁੱਢਲਾ ਵਾਧਾ ਬਹੁਤ ਹੌਲੀ-ਹੌਲੀ ਹੁੰਦਾ ਹੈ, ਇਸ ਲਈ ਪਨੀਰੀ ਆਮ ਸਮੇਂ ਤੋਂ ਇਕ ਹਫਤਾ ਪਹਿਲਾਂ ਲਾ ਦੇਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਇਹਨਾਂ ਜ਼ਮੀਨਾਂ ਵਿਚ ਝੋਨੇ ਦੇ ਕਾਫੀ ਬੂਟਿਆਂ ਦੇ ਸੁੱਕ ਜਾਣ ਦਾ ਡਰ ਬਣਿਆ ਰਹਿੰਦਾ ਹੈ। ਇਸ ਲਈ ਇਹਨਾਂ ਜ਼ਮੀਨਾਂ ਵਿਚ ਪਨੀਰੀ 40 ਦਿਨਾਂ ਦੀ ਉਮਰ ਵਾਲੀ ਲਾਉਣੀ ਚਾਹੀਦੀ ਹੈ ਅਤੇ ਇਕ ਥਾਂ 3-4 ਬੂਟੇ ਲਾਉਣੇ ਚਾਹੀਦੇ ਹਨ।

**ਖਾਦ ਪ੍ਰਬੰਧਨ :** ਕਲਰਾਠੀਆਂ ਜ਼ਮੀਨਾਂ ਵਿਚ ਜੈਵਿਕ ਕਾਰਬਨ ਦੀ ਮਾਤਰਾ ਘੱਟ ਹੁੰਦੀ ਹੈ ਅਤੇ ਬੂਟੇ ਦੀ ਪੂਰੀ ਮਾਤਰਾ ਵਿਚ ਨਾਈਟ੍ਰੋਜਨ ਤੱਤ ਦੀ 20 ਤੋਂ 25 ਪ੍ਰਤੀਸ਼ਤ ਵਧੇਰੇ ਲੋੜ ਹੁੰਦੀ ਹੈ। ਇਸ ਕਰਕੇ, ਕਲਰਾਠੀਆਂ ਜ਼ਮੀਨਾਂ ਵਿਚ 60 ਕਿਲੋ ਨਾਈਟ੍ਰੋਜਨ ਤੱਤ (130 ਕਿਲੋ ਯੂਰੀਆ) ਪ੍ਰਤੀ ਏਕੜ ਤਿੰਨ ਬਰਾਬਰ ਕਿਸ਼ਤਾਂ ਵਿਚ ਪਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਪਹਿਲੀ ਕਿਸ਼ਤ ਝੋਨੇ ਦੀ ਲੁਆਈ ਸਮੇਂ, ਦੂਜੀ ਕਿਸ਼ਤ ਪਨੀਰੀ ਲਾਉਣ ਤੋਂ 3 ਹਫਤੇ ਬਾਅਦ ਤੇ ਤੀਜੀ ਅਤੇ ਆਖਰੀ ਕਿਸ਼ਤ ਪਨੀਰੀ ਲਾਉਣ ਤੋਂ 6 ਹਫਤੇ ਬਾਅਦ ਪਾਉਣੀ ਚਾਹੀਦੀ ਹੈ। ਇਨ੍ਹਾਂ ਜ਼ਮੀਨਾਂ ਵਿਚ ਫਾਸਫੋਰਸ ਤੇ ਪੋਟਾਸ਼ ਤੱਤ ਦੀ ਵਰਤੋਂ ਆਮ ਜ਼ਮੀਨਾਂ ਵਾਂਗ ਹੀ ਕਰਨੀ ਚਾਹੀਦੀ ਹੈ। ਕਾਲੇ ਕੱਲਰ ਵਾਲੀਆਂ ਜ਼ਮੀਨਾਂ (ਖਾਰੀ ਅੰਗ 9.3 ਤੋਂ ਵੱਧ) ਵਿਚ ਬੀਜੇ ਝੋਨੇ ਵਿਚ ਆਮ ਤੌਰ ਤੇ ਜ਼ਿੰਕ ਦੀ ਘਾਟ ਆ ਜਾਂਦੀ ਹੈ। ਇਸ ਕਰਕੇ ਖੇਤ ਦੀ ਤਿਆਰੀ ਸਮੇਂ 25 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ(21%) ਜਾਂ 16 ਕਿਲੋ ਜ਼ਿੰਕ ਸਲਫੇਟ ਮੋਨੋਹਾਈਡਰੇਟ(33%) ਪ੍ਰਤੀ ਏਕੜ ਦੇ ਹਿਸਾਬ ਵਰਤੋਂ ਕਰਨੀ ਚਾਹੀਦੀ ਹੈ। ਬਹੁਤ ਮਾੜੀਆਂ ਜ਼ਮੀਨਾਂ ਵਿਚ ਜ਼ਿੰਕ ਸਲਫੇਟ ਦੀ ਵਰਤੋਂ ਦੇ ਬਾਵਜੂਦ ਵੀ ਜ਼ਿੰਕ ਦੀ ਘਾਟ ਧੋੜੀਆਂ ਵਿਚ ਨਜ਼ਰ ਆਉਂਦੀ ਹੈ। ਅਜਿਹੀ ਹਾਲਤ ਵਿਚ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ (21%) ਜਾਂ 6.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡਰੇਟ (33%) ਨੂੰ ਏਨੀ ਹੀ ਸੁੱਕੀ ਮਿੱਟੀ ਵਿਚ ਰਲਾ ਕੇ ਘਾਟ ਵਾਲੇ ਥਾਵਾਂ ਵਿਚ ਖਿਲਾਰ ਦੇਣਾ ਚਾਹੀਦਾ ਹੈ।

**ਹਰੀ ਖਾਦ :** ਕਲਰਾਠੀਆਂ ਜ਼ਮੀਨਾਂ ਵਿਚ ਝੋਨੇ ਦੀ ਲੁਆਈ ਤੋਂ ਪਹਿਲਾਂ ਹਰੀ ਖਾਦ ਨੂੰ ਖੇਤ ਵਿਚ ਦਬਾਉਣਾ ਬਹੁਤ ਲਾਹੇਵੰਦ ਰਹਿੰਦਾ ਹੈ ਕਿਉਂਕਿ ਹਰੀ ਖਾਦ ਦਬਾਉਣ ਨਾਲ ਕਲਰਾਠੀਆਂ ਜ਼ਮੀਨਾਂ ਦੀ ਭੌਤਿਕ ਬਣਤਰ ਵਧੀਆ ਬਣਦੀ ਹੈ। ਇਹਨਾਂ ਜ਼ਮੀਨਾਂ ਵਿਚ ਢੈਂਚੇ ਦੀ ਹਰੀ ਖਾਦ ਨੂੰ ਤਰਜੀਹ ਦੇਣੀ ਚਾਹੀਦੀ ਹੈ। ਹਰੀ ਖਾਦ ਵਾਲੀ ਫਸਲ ਬੀਜਣ ਲਈ ਕਣਕ ਜਾਂ ਹੋਰ ਫਸਲ, ਜਿਸ ਪਿੱਛੋਂ ਝੋਨਾ ਬੀਜਣਾ ਹੋਵੇ, ਨੂੰ ਕੱਟ ਕੇ ਖੇਤਾਂ ਨੂੰ ਪਾਣੀ ਲਾ ਦਿੱਤਾ ਜਾਂਦਾ ਹੈ, ਇਸ ਪਿੱਛੋਂ 20 ਕਿਲੋ ਢੈਂਚੇ ਦਾ ਬੀਜ, ਜਿਹੜਾ ਕਿ 8 ਘੰਟੇ ਪਾਣੀ ਵਿਚ ਭਿੱਜਾ ਰਿਹਾ ਹੋਵੇ, ਪ੍ਰਤੀ ਏਕੜ ਦੇ ਹਿਸਾਬ ਬੀਜ ਦੇਣਾ ਚਾਹੀਦਾ ਹੈ। ਘੱਟ ਫਾਸਫੋਰਸ ਵਾਲੇ ਖੇਤਾਂ ਵਿਚ ਹਰੀ ਖਾਦ ਦੀ ਫਸਲ ਨੂੰ 75 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉਣਾ ਚਾਹੀਦਾ ਹੈ। ਇਸ ਪਿੱਛੋਂ ਬੀਜੀ ਜਾਣ ਵਾਲੀ ਝੋਨੇ ਦੀ ਫਸਲ ਨੂੰ ਫਾਸਫੋਰਸ ਵਾਲੀ ਖਾਦ ਪਾਉਣ ਦੀ ਲੋੜ ਨਹੀਂ ਰਹਿੰਦੀ। ਖੇਤਾਂ ਵਿਚ ਝੋਨੇ ਦੀ ਪਨੀਰੀ ਲਾਉਣ ਤੋਂ ਇਕ ਦਿਨ ਪਹਿਲਾਂ ਹਰੀ ਖਾਦ ਦੀ ਫਸਲ ਨੂੰ ਦੱਬ ਦੇਣਾ ਚਾਹੀਦਾ ਹੈ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

# KHETI DUNIYAN

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 43 ਅੰਕ 21
ਮਿਤੀ 24-05-2025

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ

**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH,**
Printer, Publisher and Owner of Weekly
**'KHETI DUNIYAN'** Printed at **Varginia Printers,**
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**




# ਭਾਰਤ ਉੱਤੇ ਮੌਸਮੀ ਤਬਦੀਲੀਆਂ ਦੀ ਮਾਰ


**ਡਾ. ਗੁਰਿੰਦਰ ਕੌਰ, ਸਾਬਕਾ ਪ੍ਰੋਫੈਸਰ,**
**ਜਿਓਗਰਾਫੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**


**ਕੇਂਦਰ ਅਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਭਾਰਤ ਦੇ ਹਰ ਖੇਤਰ ਦਾ ਵਿਕਾਸ ਭੂਗੋਲਿਕ ਸਥਿਤੀ ਅਨੁਸਾਰ ਕਰਨ। ਇਸ ਦੇ ਨਾਲ-ਨਾਲ ਜੰਗਲਾਂ ਥੱਲੇ ਰਕਬਾ ਵਧਾ ਕੇ 33 ਫੀਸਦੀ ਕਰਨ ਦਾ ਉਪਰਾਲਾ ਸੰਜੀਦਗੀ ਨਾਲ ਕਰਨਾ ਬਣਦਾ ਹੈ।**

ਮੌਸਮੀ ਤਬਦੀਲੀਆਂ ਹੁਣ ਭਵਿੱਖ ਦੀ ਗੱਲ ਨਹੀਂ ਰਹੀਆਂ। ਇਹ ਹਰ ਮੁਲਕ ਨੂੰ ਪ੍ਰਤੱਖ ਤੌਰ 'ਤੇ ਪ੍ਰਭਾਵਿਤ ਕਰ ਰਹੀਆਂ ਹਨ। 2025 ਦੇ ਸ਼ੁਰੂ ਤੋਂ ਹੀ ਭਾਰਤ ਉੱਤੇ ਮੌਸਮੀ ਤਬਦੀਲੀਆਂ ਦੇ ਅਸਰ ਸਾਫ਼ ਦਿਖਾਈ ਦੇ ਰਹੇ ਹਨ; ਜਿਵੇਂ ਪਹਾੜੀ ਰਾਜਾਂ ਵਿੱਚ ਬੇਮੌਸਮੀ ਬਰਫਬਾਰੀ, ਦੱਖਣੀ ਰਾਜਾਂ ਵਿੱਚ ਗਰਮ ਲਹਿਰਾਂ ਦੀ ਅਗੇਤੀ ਆਮਦ, ਛੋਟੀ ਹੁੰਦੀ ਬਸੰਤ ਰੁੱਤ, ਭਾਰੀ ਮੀਂਹ ਦੀ ਅਗੇਤੀ ਆਮਦ ਆਦਿ।

ਮੁਲਕ ਦੇ ਉੱਤਰ-ਪੱਛਮੀ ਅਤੇ ਉੱਤਰ-ਪੂਰਬੀ ਖੇਤਰਾਂ ਵਿੱਚ ਜਨਵਰੀ-ਫਰਵਰੀ ਵਿੱਚ ਸਰਦੀਆਂ ਦਾ ਮੌਸਮ ਅਤੇ ਪਹਾੜੀ ਖੇਤਰਾਂ ਵਿੱਚ ਬਰਫਬਾਰੀ ਹੁੰਦੀ ਹੈ, ਪਰ ਇਸ ਸਾਲ ਦੁਨੀਆਂ ਦੇ ਬਾਕੀ ਮੁਲਕਾਂ ਵਾਂਗ ਰਿਕਾਰਡ ਅਨੁਸਾਰ, ਜਨਵਰੀ ਹੁਣ ਤੱਕ ਦੂਜਾ ਸਭ ਤੋਂ ਗਰਮ ਜਨਵਰੀ ਦਾ ਮਹੀਨਾ ਅਤੇ ਫਰਵਰੀ ਸਭ ਤੋਂ ਗਰਮ ਫਰਵਰੀ ਦਾ ਮਹੀਨਾ ਰਿਹਾ। ਪਹਾੜੀ ਰਾਜਾਂ ਵਿੱਚ ਤਾਪਮਾਨ ਔਸਤ ਤੋਂ ਉੱਤੇ ਹੋਣ ਕਰਕੇ ਬਰਫ ਨਹੀਂ ਪਈ। ਇਨ੍ਹਾਂ ਰਾਜਾਂ ਦੇ ਕੁਝ ਖੇਤਰਾਂ ਵਿੱਚ ਮੀਂਹ ਵੀ ਔਸਤ ਨਾਲੋਂ 60 ਤੋਂ 99 ਫੀਸਦੀ ਘੱਟ ਪਿਆ। ਹੈਰਾਨੀ ਦੀ ਗੱਲ ਫਰਵਰੀ ਦੇ ਅਖੀਰਲੇ ਦਿਨ ਸਾਰੇ ਪਹਾੜੀ ਰਾਜਾਂ ਵਿੱਚ ਭਾਰੀ ਬਰਫਬਾਰੀ ਹੋਈ। ਮਾਰਚ ਵਿੱਚ ਜਦੋਂ ਪਹਾੜੀ ਰਾਜ ਰੰਗ-ਬਿਰੰਗੇ ਫੁੱਲਾਂ ਨਾਲ ਬਸੰਤ ਰੁੱਤ ਦਾ ਆਨੰਦ ਮਾਣ ਰਹੇ ਹੁੰਦੇ ਹਨ, ਐਤਕੀਂ ਬਰਫ ਦੀ ਸਫੈਦ ਚਾਦਰ ਨਾਲ ਢਕੇ ਰਹੇ। ਇਹ 2025 ਵਿੱਚ ਮੌਸਮ ਵਿੱਚ ਆਈ ਪਹਿਲੀ ਤਬਦੀਲੀ ਸੀ। ਉੱਤਰਾਖੰਡ ਦੇ ਚਮੋਲੀ ਜ਼ਿਲ੍ਹੇ ਵਿੱਚ ਇੰਨਾ ਭਿਆਨਕ ਬਰਫੀਲਾ ਤੂਫਾਨ ਆਇਆ, ਜੋ ਬਾਰਡਰ ਰੋਡ ਆਰਗਨਾਈਜ਼ੇਸ਼ਨ ਦੇ 55 ਮਜ਼ਦੂਰਾਂ ਨੂੰ ਲੋਹੇ ਦੇ ਕੰਨਟੇਨਰਾਂ ਸਮੇਤ ਉਡਾ ਕੇ ਲੈ ਗਿਆ। ਇਨ੍ਹਾਂ ਵਿੱਚੋਂ 8 ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਬਾਕੀ ਦੇ 47 ਮਜ਼ਦੂਰਾਂ ਨੂੰ ਭਾਰੀ ਮੁਸ਼ਕਤ ਤੋਂ ਬਾਅਦ ਬਚਾ ਲਿਆ ਗਿਆ।

ਮੌਸਮ ਵਿੱਚ ਦੂਜੀ ਤਬਦੀਲੀ ਦੱਖਣੀ ਰਾਜਾਂ ਵਿੱਚ ਦੇਖਣ ਨੂੰ ਮਿਲੀ। ਇਨ੍ਹਾਂ ਰਾਜਾਂ ਵਿੱਚ ਆਮ ਤੌਰ 'ਤੇ ਜਨਵਰੀ ਅਤੇ ਫਰਵਰੀ ਵਿੱਚ ਸਾਵਾਂ ਮੌਸਮ ਹੁੰਦਾ ਹੈ। ਇਸ ਸਾਲ 25 ਫਰਵਰੀ ਨੂੰ ਪੱਛਮੀ ਤੱਟ ਦੇ ਕੋਂਕਨ ਖੇਤਰ ਵਿੱਚ ਗਰਮ ਲਹਿਰ (Heat Wave) ਦੀ ਪਹਿਲੀ ਆਮਦ ਰਿਕਾਰਡ ਕੀਤੀ ਗਈ। ਮੌਸਮ ਵਿਭਾਗ ਅਨੁਸਾਰ ਜਦੋਂ ਕਿਸੇ ਵੀ ਥਾਂ ਦਾ ਤਾਪਮਾਨ ਔਸਤ ਨਾਲੋਂ 5 ਡਿਗਰੀ ਸੈਲਸੀਅਸ ਵੱਧ ਹੋਵੇ ਜਾਂ ਪਹਾੜੀ ਖੇਤਰਾਂ ਦਾ 30 ਡਿਗਰੀ, ਤੱਟਵਰਤੀ ਖੇਤਰਾਂ ਦਾ 37 ਡਿਗਰੀ ਅਤੇ ਮੈਦਾਨੀ ਖੇਤਰਾਂ ਦਾ 40 ਡਿਗਰੀ ਸੈਲਸੀਅਸ ਤੋਂ ਵੱਧ ਜਾਵੇ ਤਾਂ ਉਨ੍ਹਾਂ ਖੇਤਰਾਂ ਨੂੰ ਗਰਮ ਲਹਿਰ ਦੇ ਪ੍ਰਭਾਵ ਥੱਲੇ ਆਇਆ ਮੰਨਿਆ ਜਾਂਦਾ ਹੈ। ਮਾਰਚ ਦੇ ਦੂਜੇ ਹਫਤੇ ਮੱਧ ਮਹਾਰਾਸ਼ਟਰ, ਸੌਰਾਸ਼ਟਰ, ਕੱਛ, ਵਿਦਰਭ, ਉੜੀਸਾ, ਤਿਲੰਗਾਨਾ, ਆਂਧਰਾ ਆਦਿ ਵਿੱਚ ਕਈ ਥਾਈ ਤਾਪਮਾਨ 40 ਡਿਗਰੀ ਤੋਂ ਵੱਧ ਰਿਕਾਰਡ ਹੋਇਆ।

ਅਜਿਹੇ ਅਤਿ ਦਰਜੇ ਦੇ ਠੰਢੇ ਅਤੇ ਗਰਮ ਮੌਸਮਾਂ ਵਿੱਚੋਂ ਲੰਘਦਿਆਂ ਕੁਝ ਖੇਤਰਾਂ ਵਿੱਚ ਬਸੰਤ ਰੁੱਤ ਗਾਇਬ ਹੋ ਗਈ, ਜੋ ਭਾਰਤ ਦੇ ਮੌਸਮ ਵਿੱਚ ਤੀਜੀ ਵੱਡੀ ਤਬਦੀਲੀ ਹੈ। ਪਹਾੜੀ ਰਾਜਾਂ ਵਿੱਚ ਅਪਰੈਲ ਵਿੱਚ ਜੂਨ-ਜੁਲਾਈ ਵਰਗਾ ਭਾਰੀ ਮੀਂਹ ਪਿਆ, ਜਿਸ ਨਾਲ ਜੰਮੂ-ਕਸ਼ਮੀਰ ਅਤੇ ਸਿੱਕਮ ਵਿੱਚ ਕਈ ਥਾਈਂ ਪਹਾੜ ਖਿਸਕਣ ਦੀਆਂ ਘਟਨਾਵਾਂ ਵਾਪਰੀਆਂ। ਅਪਰੈਲ ਵਿੱਚ ਭਾਰੀ ਮੀਂਹ ਦੀ ਅਗੇਤੀ ਆਮਦ ਚੌਥੀ ਮੌਸਮੀ ਤਬਦੀਲੀ ਸੀ। ਮੌਸਮੀ ਤਬਦੀਲੀਆਂ ਨਾਲ ਕੁਦਰਤੀ ਆਫਤਾਂ ਦੀ ਗਿਣਤੀ ਦੀ ਆਮਦ ਅਤੇ ਮਾਰ ਦੀ ਗਹਿਰਾਈ ਵਿੱਚ ਵੀ ਵਾਧਾ ਹੁੰਦਾ ਹੈ। ਅਪਰੈਲ ਵਿੱਚ ਪੰਜਾਬ ਅਤੇ ਹਰਿਆਣਾ ਵਿੱਚ ਝੱਖੜ ਆਉਣ ਕਾਰਨ ਕਣਕ ਦੀ ਪੱਕੀ ਹੋਈ ਸੈਂਕੜੇ ਏਕੜ ਫ਼ਸਲ ਤਬਾਹ ਹੋ ਗਈ।

ਮੌਸਮ ਵਿਭਾਗ ਨੇ ਪਹਿਲੀ ਅਪਰੈਲ ਨੂੰ ਅਪਰੈਲ ਤੋਂ ਜੂਨ ਤੱਕ ਦੀ ਰਿਪੋਰਟ ਜਾਰੀ ਕਰਦਿਆਂ ਦੱਸਿਆ ਕਿ ਇਸ ਸਾਲ 15 ਰਾਜਾਂ (ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਪੱਛਮੀ ਬੰਗਾਲ, ਉੜੀਸਾ, ਤਿਲੰਗਾਨਾ, ਆਂਧਰਾ ਪ੍ਰਦੇਸ਼, ਛੱਤੀਸਗੜ੍ਹ, ਕਰਨਾਟਕ (ਉੱਤਰੀ ਹਿੱਸਾ), ਮਹਾਰਾਸ਼ਟਰ, ਗੁਜਰਾਤ, ਰਾਜਸਥਾਨ, ਮੱਧ ਪ੍ਰਦੇਸ਼ ਵਿੱਚ ਤਾਪਮਾਨ ਔਸਤ ਤੋਂ ਵੱਧ ਗਰਮ ਰਹੇਗਾ। ਇਨ੍ਹਾਂ ਰਾਜਾਂ ਵਿੱਚ ਗਰਮ ਲਹਿਰਾਂ 4 ਤੋਂ 7 ਦਿਨ ਰਹਿੰਦੀਆਂ ਹਨ, ਪਰ ਐਤਕੀਂ ਇਨ੍ਹਾਂ ਦਿਨਾਂ ਦੀ ਗਿਣਤੀ 10 ਤੋਂ 11 ਤੱਕ ਹੋ ਸਕਦੀ ਹੈ। ਇਹ ਘਟਨਾਵਾਂ / ਪੇਸ਼ੀਨਗੋਈਆਂ ਵੀ ਮੌਸਮੀ ਤਬਦੀਲੀਆਂ ਨਾਲ ਸੰਬੰਧਿਤ ਹਨ। ਕਿਸੇ ਵੀ ਮੁਲਕ ਵਿੱਚ ਗਰਮ ਲਹਿਰਾਂ ਦੀ ਆਮਦ ਜਾਂ ਭਾਰੀ ਮੀਂਹ ਕੋਈ ਨਵੀਂ ਜਾਂ ਅਨੋਖੀ ਘਟਨਾ ਨਹੀਂ। ਇਨ੍ਹਾਂ ਦੀ ਅਗੇਤੀ ਆਮਦ, ਗਿਣਤੀ ਅਤੇ ਮਾਰ ਦੀ ਗਹਿਰਾਈ ਵਿੱਚ ਵਾਧਾ ਮੌਸਮੀ ਤਬਦੀਲੀਆਂ ਕਾਰਨ ਹੋ ਰਿਹਾ ਹੈ। ਭਾਰਤ ਵਿੱਚ ਮੌਸਮੀ ਤਬਦੀਲੀਆਂ ਕਾਰਨ ਆਉਣ ਵਾਲੀਆਂ ਕੁਦਰਤੀ ਆਦਤਾਂ ਨਾਲ ਹੋਣ ਵਾਲੇ ਭਾਰੀ ਨੁਕਸਾਨ ਬਾਰੇ ਇੰਟਰ-ਗਵਰਨਮੈਂਟਲ ਪੈਨਲ ਆਨ ਕਲਾਈਮੇਟ ਚੇਂਜ ਦੀ ਪੰਜਵੀਂ (2014) ਅਤੇ ਛੇਵੀਂ (2021-2022) ਰਿਪੋਰਟ ਵਿੱਚ ਸਪੱਸ਼ਟ ਖੁਲਾਸਾ ਸੀ। ਇਨ੍ਹਾਂ ਰਿਪੋਰਟਾਂ ਮੁਤਾਬਿਕ, ਬਾਕੀ ਮੁਲਕਾਂ ਦੇ ਮੁਕਾਬਲੇ ਭਾਰਤ ਉੱਤੇ ਮੌਸਮੀ ਤਬਦੀਲੀਆਂ ਦਾ ਮਾੜਾ ਅਸਰ ਜ਼ਿਆਦਾ ਪਵੇਗਾ। ਇਸ ਦੇ ਮੁੱਖ ਕਾਰਨ ਮੁਲਕ ਦੀ ਭੂਗੋਲਿਕ ਸਥਿਤੀ ਅਤੇ ਆਰਥਿਕ ਵਿਕਾਸ ਮਾਡਲ ਹਨ। ਉੱਤਰ ਵੱਲ ਬਰਫ ਨਾਲ ਲੱਦੇ ਦੁਨੀਆਂ ਦੇ ਸਭ ਤੋਂ ਉੱਚੇ ਅਤੇ ਨਵੇਂ ਬਣ ਰਹੇ ਹਿਮਾਲਿਆ ਪਹਾੜ ਹਨ; ਦੱਖਣ ਵਲ ਤਿੰਨ ਪਾਸੇ ਸਮੁੰਦਰ ਹੈ। ਧਰਤੀ ਦੇ ਔਸਤ ਤਾਪਮਾਨ ਵਿੱਚ ਵਾਧੇ ਕਾਰਨ ਹਿਮਾਲਿਆ ਤੋਂ ਬਰਫ ਤੇਜ਼ੀ ਨਾਲ ਪਿਘਲਣੀ ਸ਼ੁਰੂ ਹੋ ਗਈ, ਜਿਸ ਕਾਰਨ ਗਲੇਸ਼ੀਅਲ ਝੀਲਾਂ ਦਾ ਆਕਾਰ ਤੇਜ਼ੀ ਨਾਲ ਵਧਣਾ ਸ਼ੁਰੂ ਹੋ ਗਿਆ ਹੈ। ਭਾਰਤ ਵਿਚਲੀਆਂ 67 ਗਲੇਸ਼ੀਅਲ ਝੀਲਾਂ ਦਾ ਆਕਾਰ 2011-2024 ਤੱਕ 40 ਫੀਸਦੀ ਵੱਧ ਗਿਆ ਹੈ। ਇਹ ਝੀਲਾਂ ਉੱਤਰਾਖੰਡ, ਲੱਦਾਖ, ਸਿੱਕਮ, ਅਰੁਣਾਚਲ ਪ੍ਰਦੇਸ਼ ਅਤੇ ਹਿਮਾਚਲ ਪ੍ਰਦੇਸ਼ ਵਿੱਚ ਹਨ। ਇਹ ਝੀਲਾਂ ਫਟਣ ਤੋਂ ਹੋਣ ਵਾਲੇ ਨੁਕਸਾਨ ਦਾ ਅੰਦਾਜ਼ਾ 2023 ਵਿੱਚ ਸਿੱਕਮ ਦੀ ਲਹੋਨੈਕ ਗਲੇਸ਼ੀਅਲ ਝੀਲ ਦੇ ਫਟਣ ਤੋਂ ਹੋਏ ਨੁਕਸਾਨ ਤੋਂ ਲਗਾਇਆ ਜਾ ਸਕਦਾ ਹੈ। ਗਲੇਸ਼ੀਅਲ ਪਿਘਲਣ ਨਾਲ ਮੈਦਾਨੀ ਇਲਾਕਿਆਂ ਵਿੱਚ ਭਾਰੀ ਹੜ੍ਹ ਆ ਸਕਦੇ ਹਨ। ਹੜ੍ਹਾਂ ਨਾਲ ਫ਼ਸਲਾਂ ਤਬਾਹ ਹੋ ਜਾਂਦੀਆਂ ਹਨ, ਇਉਂ ਅਨਾਜ ਸੰਕਟ ਪੈਦਾ ਹੋ ਸਕਦਾ ਹੈ।

ਪਹਾੜੀ ਖੇਤਰਾਂ ਵਿੱਚ ਮੌਸਮੀ ਤਬਦੀਲੀਆਂ ਕਾਰਨ ਜਦੋਂ ਭਾਰੀ ਮੀਂਹ ਪੈਂਦਾ ਹੈ ਤਾਂ ਪਹਾੜੀ ਖਿਸਕਣ ਅਤੇ ਢਿੱਗਾਂ ਡਿੱਗਣ ਨਾਲ ਆਵਾਜਾਈ ਰੁੱਕ ਜਾਂਦੀ ਹੈ। ਮੀਂਹ ਪੈਣ ਨਾਲ ਪਹਾੜ ਖਿਸਕਣਾ ਭਾਵੇਂ ਕੁਦਰਤੀ ਵਰਤਾਰਾ ਹੈ, ਪਰ ਵੱਡੇ ਪੱਧਰ ਉੱਤੇ ਖਿਸਕਣਾ ਆਰਥਿਕ ਵਿਕਾਸ ਮਾਡਲ ਕਰਕੇ ਹੈ। ਆਰਥਿਕ ਵਿਕਾਸ ਲਈ ਕੇਂਦਰ ਅਤੇ ਰਾਜ ਸਰਕਾਰਾਂ ਪਹਾੜੀ ਰਾਜਾਂ ਵਿੱਚ ਸੈਰ ਸਪਾਟਾ ਉਦਯੋਗ ਵਧਾਉਣ ਲਈ ਚਾਰ ਮਾਰਗੀ ਸੜਕਾਂ, ਰੋਪਵੇਅ, ਹੈਲੀਪੈਡ ਆਦਿ ਬਣਾ ਰਹੀਆਂ ਹਨ। ਇਨ੍ਹਾਂ ਗਤੀਵਿਧੀਆਂ ਲਈ ਵਾਤਾਵਰਨ ਨਿਯਮਾਂ ਦੀ ਅਣਦੇਖੀ ਕਰਦਿਆਂ ਜੰਗਲਾਂ ਤੇ ਪਹਾੜਾਂ ਦੀ ਅੰਧਾਧੁੰਦ ਕਟਾਈ ਤੇ ਖੁਦਾਈ ਹੋ ਰਹੀ ਹੈ। ਨਤੀਜੇ ਵਜੋਂ ਪਹਾੜ ਖਿਸਕਣ, ਢਿੱਗਾਂ ਡਿੱਗਣ, ਜ਼ਮੀਨ ਗਰਕਣ, ਬੱਦਲ ਫਟਣ ਆਦਿ ਵਰਗੀਆਂ ਘਟਨਾਵਾਂ ਵੱਧ ਰਹੀਆਂ ਹਨ।

ਭਾਰਤ ਦੇ ਦੱਖਣ ਵੱਲ ਤਿੰਨੋ ਪਾਸੇ ਸਮੁੰਦਰ ਹੋਣ ਕਾਰਨ ਸਮੁੰਦਰ ਨਾਲ ਸਬੰਧਿਤ ਕੁਦਰਤੀ ਆਫਤਾਂ ਤੱਟਵਰਤੀ ਰਾਜਾਂ ਨੂੰ ਪ੍ਰਭਾਵਿਤ ਕਰ ਰਹੀਆਂ ਹਨ। ਮਾਰਚ 2023 ਤੋਂ ਦੁਨੀਆਂ ਦੇ ਸਾਰੇ ਸਮੁੰਦਰਾਂ ਦਾ ਤਾਪਮਾਨ ਔਸਤ ਨਾਲੋਂ ਵੱਧ ਰਿਕਾਰਡ ਹੋ ਰਿਹਾ ਹੈ। ਸਮੁੰਦਰ ਦੀ ਉਪਰਲੀ ਸਤਹਿ ਦੇ ਪਾਣੀ ਦਾ ਤਾਪਮਾਨ ਵਧਣ ਕਾਰਨ ਤੱਟਵਰਤੀ ਖੇਤਰਾਂ ਵਿੱਚ ਗਰਮ ਲਹਿਰਾਂ ਦੀ ਅਗੇਤੀ ਆਮਦ ਅਤੇ ਆਮਦ ਦੇ ਦਿਨਾਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਸਮੁੰਦਰੀ ਜਲ ਪੱਧਰ ਦਾ ਉੱਚਾ ਹੋਣਾ, ਚੱਕਰਵਾਤਾਂ ਦੀ ਗਿਣਤੀ ਅਤੇ ਇਨ੍ਹਾਂ ਦੀ ਮਾਰ ਵਿੱਚ ਵਾਧਾ ਹੋਣਾ, ਸਮੁੰਦਰਾਂ ਵਿੱਚ ਗਰਮ ਲਹਿਰਾਂ ਦੀ ਆਮਦ ਦਾ ਵਧਣਾ ਆਦਿ ਵੀ ਸਮੁੰਦਰ ਦੇ ਤਾਪਮਾਨ ਨਾਲ ਸਿੱਧੇ ਤੌਰ 'ਤੇ ਸਬੰਧਿਤ ਹਨ। ਭਾਰਤ ਦੀ ਲਗਭਗ 40 ਫੀਸਦ ਆਬਾਦੀ ਤੱਟਵਰਤੀ ਖੇਤਰਾਂ ਵਿੱਚ ਵਸੀ ਹੋਈ ਹੈ। ਸਮੁੰਦਰ ਦਾ ਜਲ ਪੱਧਰ ਉੱਚਾ ਹੋਣ ਕਾਰਨ ਇਨ੍ਹਾਂ ਲੋਕਾਂ ਦੇ ਘਰ ਅਤੇ ਜ਼ਮੀਨਾਂ ਸਮੁੰਦਰ ਵਿੱਚ ਸਮਾਉਣ ਨਾਲ ਸਰਕਾਰ ਨੂੰ ਇਨ੍ਹਾਂ ਲੋਕਾਂ ਦੇ ਮੁੜ ਵਸੇਬੇ ਲਈ ਇੰਤਜ਼ਾਮ ਕਰਨਾ ਪਵੇਗਾ।

2011 ਵਿੱਚ ਕੇਂਦਰ ਸਰਕਾਰ ਦੀ ਬਣਾਈ ਗਾਡਗਿਲ ਕਮੇਟੀ ਨੇ ਪੱਛਮੀ ਘਾਟਾਂ ਵਿੱਚ ਆਰਥਿਕ ਵਾਧੇ ਲਈ ਯੋਜਨਾਬੰਦੀ ਬਣਾਉਣ ਲਈ ਰਿਪੋਰਟ ਤਿਆਰ ਕੀਤੀ ਸੀ। ਕਮੇਟੀ ਨੇ ਪੱਛਮੀ ਘਾਟਾਂ ਦੇ 87.5 ਫੀਸਦ ਖੇਤਰ ਨੂੰ ਵਾਤਾਵਰਨ ਸੰਵੇਦਨਸ਼ੀਲ ਖੇਤਰ ਐਲਾਨਿਆ ਸੀ, ਜਿੱਥੇ ਆਰਥਿਕ ਵਿਕਾਸ ਕਾਰਜਾਂ 'ਤੇ 52 ਤਰ੍ਹਾਂ ਦੀਆਂ ਬੰਦਸ਼ਾਂ ਲਗਾਈਆਂ ਸਨ। ਇਸ ਰਿਪੋਰਟ ਨੂੰ ਕੇਂਦਰ ਅਤੇ ਰਾਜ ਸਰਕਾਰਾਂ, ਦੋਹਾਂ ਨੇ ਨਕਾਰ ਦਿੱਤਾ ਸੀ। ਇਸ ਖੇਤਰ ਵਿੱਚ ਆਰਥਿਕ ਵਿਕਾਸ ਵਾਲੀਆਂ ਕਾਰਗੁਜ਼ਾਰੀਆਂ ਬਿਨਾਂ ਰੋਕ-ਟੋਕ ਜਾਰੀ ਹਨ। ਆਮ ਲੋਕ ਅਜਿਹੇ ਆਰਥਿਕ ਵਿਕਾਸ ਦਾ ਨੁਕਸਾਨ ਕੁਦਰਤੀ ਆਫਤਾਂ ਤੋਂ ਬਾਅਦ ਹਰ ਸਾਲ ਭੁਗਤਦੇ ਹਨ। 2024 ਵਿੱਚ ਕੇਰਲ ਦੇ ਵਾਇਨਾਡ ਵਿੱਚ ਹੋਈ ਤਰਾਸਦੀ ਇਸ ਦਾ ਪੁਖਤਾ ਸਬੂਤ ਹੈ।

ਕੇਂਦਰ ਅਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਭਾਰਤ ਦੇ ਹਰ ਖੇਤਰ ਦਾ ਵਿਕਾਸ ਭੂਗੋਲਿਕ ਸਥਿਤੀ ਅਨੁਸਾਰ ਕਰਨ। ਪਹਾੜੀ ਖੇਤਰਾਂ ਨੂੰ ਮੌਸਮੀ ਤਬਦੀਲੀਆਂ ਦੀ ਮਾਰ ਤੋਂ ਬਚਾਉਣ ਲਈ ਸੜਕਾਂ ਦੀ ਚੌੜਾਈ ਵਾਤਾਵਰਨ ਸੰਵੇਦਨਸ਼ੀਲ ਖੇਤਰਾਂ ਵਿੱਚ ਉੱਥੋਂ ਦੀ ਸਮਰੱਥਾ ਅਨੁਸਾਰ ਹੋਣੀ ਚਾਹੀਦੀ ਹੈ। ਦੱਖਣੀ ਰਾਜਾਂ ਵਿੱਚ ਗਾਡਗਿਲ ਕਮੇਟੀ ਦੀਆਂ ਸਿਫਾਰਿਸ਼ਾਂ ਅਨੁਸਾਰ ਵਿਕਾਸ ਯੋਜਨਾਵਾਂ ਬਣਾਈਆਂ ਜਾਣ। ਇਸ ਦੇ ਨਾਲ-ਨਾਲ ਜੰਗਲਾਂ ਥੱਲੇ ਰਕਬਾ ਵਧਾ ਕੇ 33 ਫੀਸਦੀ ਕਰਨ ਦਾ ਉਪਰਾਲਾ ਸੰਜੀਦਗੀ ਨਾਲ ਕਰਨਾ ਬਣਦਾ ਹੈ।



## ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ
# ਝੋਨੇ ਦੀਆਂ ਕਿਸਮਾਂ ਦੀ ਕਾਸ਼ਤ

ਰਾਜ ਕੁਮਾਰ, ਪ੍ਰਿੰਸੀਪਲ ਐਕਸਟੈਂਸ਼ਨ ਸਾਇੰਟਿਸਟ (ਐਗਰੀਕਲਚਰਲ ਇਕੋਨੋਮਿਕਸ),
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ।

ਪੰਜਾਬ ਵਿਚ ਝੋਨੇ ਅਧੀਨ ਰਕਬਾ ਸਾਲ 1970-71 ਵਿਚ ਸਿਰਫ 3.9 ਲੱਖ ਹੈਕਟੇਅਰ ਸੀ ਜੋ ਸਾਲ 2023-24 ਵਿਚ ਲੱਗਭਗ 31.79 ਲੱਖ ਹੈਕਟੇਅਰ ਤੱਕ ਵੱਧ ਗਿਆ। ਝੋਨੇ ਦਾ ਔਸਤਨ ਝਾੜ ਵੀ 27.7 ਕੁਇੰਟਲ ਪ੍ਰਤੀ ਹੈਕਟੇਅਰ ਤੋਂ ਵੱਧ ਕੇ 67.4 ਕੁਇੰਟਲ ਪ੍ਰਤੀ ਹੈਕਟੇਅਰ ਹੋ ਗਿਆ। ਨਤੀਜੇ ਵਜੋਂ ਝੋਨੇ ਦੀ ਪੈਦਾਵਾਰ ਲੱਗਭਗ 21 ਗੁਣਾ ਵੱਧ ਕੇ 10.32 ਲੱਖ ਟਨ ਤੋਂ 214.3 ਲੱਖ ਟਨ ਤੱਕ ਪਹੁੰਚ ਗਈ। ਇਸੇ ਸਮੇਂ ਦੌਰਾਨ ਟਿਊਬਵੈੱਲਾਂ ਦੀ ਗਿਣਤੀ ਵੀ 1.92 ਲੱਖ ਤੋਂ ਵੱਧ ਕੇ 15.29 ਲੱਖ ਤੱਕ ਪਹੁੰਚ ਚੁੱਕੀ ਹੈ।

ਝੋਨੇ ਦੀ ਲਗਾਤਾਰ ਕਾਸ਼ਤ ਕਾਰਨ ਪੰਜਾਬ ਦੇ ਕੁਦਰਤੀ ਸੋਮਿਆਂ, ਖਾਸ ਕਰ ਕੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ। ਇਸ ਸਥਿਤੀ ਨਾਲ ਨਜਿੱਠਣ ਲਈ ਝੋਨੇ ਦੀਆਂ ਘੱਟ ਸਮੇਂ ਵਾਲੀਆਂ ਕਿਸਮਾਂ ਦੀ ਖੋਜ ਦੇ ਨਾਲ-ਨਾਲ ਪਾਣੀ ਬਚਾਉਣ ਵਾਲੀਆਂ ਤਕਨੀਕਾਂ, ਖਾਸ ਕਰ ਕੇ ਲੇਜ਼ਰ ਕਰਾਹੇ ਨਾਲ ਜ਼ਮੀਨ ਪੱਧਰੀ ਕਰਨਾ, ਤਰ-ਵੱਤਰ ਝੋਨੇ ਦੀ ਸਿੱਧੀ ਬਿਜਾਈ, ਵੱਟਾਂ/ਬੈਡਾਂ ਉੱਪਰ ਲੁਆਈ, ਸੁਕਾਅ-ਸੁਕਾਅ ਕੇ ਪਾਣੀ ਲਾਉਣਾ, ਲੁਆਈ ਢੁੱਕਵੇਂ ਸਮੇਂ ਤੇ ਕਰਨਾ ਆਦਿ ਵਿਕਸਿਤ ਕੀਤੀਆਂ ਗਈਆਂ ਹਨ। ਇਹਨਾਂ ਅਧੀਨ ਰਕਬਾ 2013-14 ਤੋਂ 2024-25 ਦੌਰਾਨ 38.2 ਫੀਸਦੀ ਤੋਂ 74.7 ਫੀਸਦੀ ਤੱਕ ਵਧ ਗਿਆ। ਜੇਕਰ ਘੱਟ ਅਤੇ ਦਰਮਿਆਨੇ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਹੇਠਲੇ ਰਕਬੇ ਦੀ ਗੱਲ ਕੀਤੀ ਜਾਵੇ ਤਾਂ ਇਨ੍ਹਾਂ ਹੇਠ ਸਾਲ 2024-25 ਵਿਚ 90.5 ਫੀਸਦੀ ਰਕਬਾ ਸੀ ਜੋ ਕਾਫੀ ਸੰਤੋਖਜਨਕ ਹੈ। ਹੁਣ ਕਿਸਾਨ ਘੱਟ ਅਤੇ ਦਰਮਿਆਨੇ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਖਾਸ ਕਰ ਕੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਵਿਕਸਿਤ ਕਿਸਮਾਂ ਨੂੰ ਖੂਬ ਤਰਜੀਹ ਦੇਣ ਲੱਗ ਪਏ ਹਨ ਕਿਉਂਕਿ ਇਨ੍ਹਾਂ ਦਾ ਝਾੜ ਲੰਮੇ ਸਮੇਂ ਵਾਲੀਆਂ ਕਿਸਮਾਂ ਦੇ ਲੱਗਭਗ ਬਰਾਬਰ ਹੈ ਅਤੇ ਇਨ੍ਹਾਂ ਦੀ ਕਾਸ਼ਤ 'ਤੇ ਖਰਚਾ ਵੀ ਘੱਟ ਆਉਂਦਾ ਹੈ।

ਪਿਛਲੇ ਸਾਲਾਂ ਦੌਰਾਨ ਝੋਨੇ ਦੀਆਂ ਗੈਰ ਸਿਫਾਰਸ਼ੀ ਲੰਮੇ ਸਮੇਂ ਵਿਚ ਪੱਕਣ ਵਾਲੀਆਂ ਅਤੇ ਪਾਣੀ ਦੀ ਵਧੇਰੇ ਖਪਤ ਕਰਨ ਵਾਲੀਆਂ ਕਿਸਮਾਂ (ਜਿਵੇਂ ਪੂਸਾ 44 ਕਿਸਮ) ਹੇਠੋਂ ਰਕਬਾ ਲਗਾਤਾਰ ਘੱਟ ਰਿਹਾ ਹੈ। ਵਰਨਣਯੋਗ ਹੈ ਕਿ ਝੋਨੇ ਦੀ ਲੰਮਾ ਸਮਾਂ ਲੈਣ ਵਾਲੀ ਗੈਰ-ਪ੍ਰਮਾਣਿਤ ਕਿਸਮ ਪੂਸਾ 44 ਦਾ ਰਕਬਾ ਜੋ ਸਾਲ 2013-14 ਵਿਚ 45.6 ਫੀਸਦੀ ਤੱਕ ਪਹੁੰਚ ਗਿਆ ਸੀ, ਸਾਲ 2024-25 ਵਿਚ 5.5 ਫੀਸਦੀ 'ਤੇ ਸਿਮਟ ਗਿਆ ਹੈ। ਇਸ ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਪਸਾਰ ਵਿਗਿਆਨੀਆਂ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ ਜੋ ਆਪਣੀਆਂ ਭਰਪੂਰ ਕੋਸ਼ਿਸ਼ਾਂ ਸਦਕਾ ਰਾਜ ਦੇ ਕਿਸਾਨਾਂ ਨੂੰ ਪਾਣੀ ਦੀ ਸੰਭਾਲ ਲਈ ਚੇਤਨ ਕਰਨ ਵਿਚ ਸਫਲ ਰਹੇ ਹਨ।

ਪਰਮਲ ਝੋਨੇ ਦੀਆਂ ਸਭ ਤੋਂ ਹਰਮਨ ਪਿਆਰੀ ਕਿਸਮਾਂ ਪੀ ਆਰ 126 ਅਤੇ ਪੀ ਆਰ 131 ਰਹੀਆਂ ਜਿਨ੍ਹਾਂ ਹੇਠ ਕ੍ਰਮਵਾਰ 42.7 ਅਤੇ 19.4 ਫੀਸਦੀ ਰਕਬਾ ਸੀ। ਇਹ ਵੀ ਦੇਖਿਆ ਗਿਆ ਕਿ ਅਜੇ ਵੀ ਸ੍ਰੀ ਮੁਕਤਸਰ ਸਾਹਿਬ, ਸੰਗਰੂਰ ਅਤੇ ਮੋਗਾ ਜ਼ਿਲ੍ਹਿਆਂ ਵਿਚ ਪਰਮਲ ਝੋਨੇ ਦਾ ਕ੍ਰਮਵਾਰ 36, 32 ਅਤੇ 26 ਫੀਸਦੀ ਦੇ ਲਗਭਗ ਰਕਬਾ ਲੰਮੇ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਹੇਠ ਹੈ ਜਿਸ ਦਾ ਧਰਤੀ ਹੇਠਲੇ ਪਾਣੀ ਦੇ ਪੱਧਰ ਤੇ ਭਵਿੱਖ ਵਿਚ ਮਾੜਾ ਪ੍ਰਭਾਵ ਪੈ ਸਕਦਾ ਹੈ। ਬੋਰ ਹੋਰ ਡੂੰਘੇ ਕਰਨ ਲਈ ਕਿਸਾਨਾਂ ਨੂੰ ਵਾਧੂ ਖਰਚਿਆਂ ਦਾ ਬੋਝ ਵੀ ਝੱਲਣਾ ਪੈਂਦਾ ਹੈ।

ਮਹੱਤਵਪੂਰਨ ਗੱਲ ਇਹ ਹੈ ਕਿ ਇਸ ਤਰ੍ਹਾਂ ਤੇਜ਼ੀ ਨਾਲ ਖਤਮ ਹੋ ਰਹੇ ਪਾਣੀ ਦੇ ਭੰਡਾਰ ਨੂੰ ਜਲਦੀ ਕੀਤਿਆਂ ਭਵਿੱਖ ਵਿਚ ਪੂਰਿਆ ਵੀ ਨਹੀਂ ਜਾ ਸਕੇਗਾ। ਇਨ੍ਹਾਂ ਜ਼ਿਲ੍ਹਿਆਂ ਦੇ ਕਿਸਾਨ ਸਿਰਫ ਵੱਧ ਝਾੜ ਲੈਣ ਲਈ ਲੰਮੇ ਸਮੇਂ ਵਾਲੀਆਂ ਕਿਸਮਾਂ ਬੀਜਦੇ ਹੋ ਸਕਦੇ ਹਨ ਪਰ ਉਹ ਇਹ ਭੁੱਲ ਜਾਂਦੇ ਹਨ ਕਿ ਇਨ੍ਹਾਂ ਕਿਸਮਾਂ ਨੂੰ ਜ਼ਿਆਦਾ ਪਾਣੀ, ਖਾਦਾਂ, ਕੀਟਨਾਸ਼ਕਾਂ ਅਤੇ ਲੇਬਰ ਦੀ ਜ਼ਰੂਰਤ ਪੈਂਦੀ ਹੈ। ਪਰਾਲੀ ਜ਼ਿਆਦਾ ਹੋਣ ਕਰਕੇ ਇਸ ਨੂੰ ਸੰਭਾਲਣ ਦੇ ਖਰਚੇ ਵੀ ਵੱਧ ਜਾਂਦੇ ਹਨ। ਇਸ ਸਭ ਦੇ ਕਾਰਨ ਇਨ੍ਹਾਂ ਕਿਸਮਾਂ ਤੋਂ ਮੁਨਾਫਾ ਕਾਫੀ ਘੱਟ ਜਾਂਦਾ ਹੈ। ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦਾ ਝਾੜ ਭਾਵੇਂ ਲੰਮੇ ਸਮਾਂ ਲੈਣ ਵਾਲੀਆਂ ਕਿਸਮਾਂ ਨਾਲੋਂ ਥੋੜ੍ਹਾ ਘੱਟ ਹੋ ਸਕਦਾ ਹੈ ਪਰ ਇਨ੍ਹਾਂ ਤੋਂ ਹੋਣ ਵਾਲੀ ਨਿਰੋਲ ਆਮਦਨ ਲੰਮੇ ਸਮੇਂ ਵਾਲੀਆਂ ਕਿਸਮਾਂ ਦੇ ਲਗਭਗ ਬਰਾਬਰ ਹੀ ਹੋ ਜਾਂਦੀ ਹੈ।

ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਕਾਸ਼ਤ ਨਾਲ ਸਾਲ ਵਿਚ ਤਿੰਨ ਫਸਲਾਂ ਲਈਆਂ ਜਾ ਸਕਦੀਆਂ ਹਨ। ਜਿਵੇਂ ਸੱਠੀ ਮੂੰਗੀ ਨੂੰ ਤੀਜੀ ਫਸਲ ਦੇ ਤੌਰ 'ਤੇ ਬੀਜ ਕੇ ਆਮਦਨ ਵੀ ਵਧੇਗੀ ਅਤੇ ਜ਼ਮੀਨ ਦੀ ਸਿਹਤ ਵੀ ਸੁਧਰੇਗੀ ; ਇਸ ਨਾਲ ਹਾੜ੍ਹੀ ਦੀਆਂ ਫਸਲਾਂ ਦੀ ਬਿਜਾਈ ਵੀ ਸਮੇਂ ਸਿਰ ਹੋ ਸਕੇਗੀ, ਇਉਂ ਕਣਕ ਦਾ ਝਾੜ ਵੀ ਵਧੇਗਾ। ਸੂਬੇ ਦੀ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਕਿਸਾਨਾਂ ਨੂੰ ਲੰਮਾ ਸਮਾਂ ਲੈਣ ਵਾਲੀਆਂ ਕਿਸਮਾਂ ਦਾ ਖਹਿੜਾ ਛੱਡ ਕੇ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਕਾਸ਼ਤ ਨੂੰ ਤਰਜੀਹ ਦੇਣੀ ਚਾਹੀਦੀ ਹੈ।

**ਕਿਸਾਨਾਂ ਨੂੰ ਅਪੀਲ**

ਪੰਜਾਬ ਦੇ ਖੇਤੀ ਅਰਥਚਾਰੇ ਦੀ ਭਲਾਈ ਅਤੇ ਅਨਮੁੱਲੇ ਕੁਦਰਤੀ ਸੋਮਿਆਂ ਦੀ ਸੰਭਾਲ ਲਈ ਕਿਸਾਨਾਂ ਨੂੰ ਪੁਰਜ਼ੋਰ ਅਪੀਲ ਹੈ ਕਿ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀਆਂ ਸਿਫਾਰਿਸ਼ ਕੀਤੀਆਂ ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਹੀ ਕਾਸ਼ਤ ਕਰਨ।

# ਸਿੰਚਾਈ ਲਈ ਲੂਣੇ-ਖਾਰੇ ਪਾਣੀ ਦੀ ਸੁਚੱਜੀ ਵਰਤੋਂ ਕਿਵੇਂ ਕਰੀਏ?

ਵਿਵੇਕ ਕੁਮਾਰ, ਫਤਿਹਜੀਤ ਸਿੰਘ ਸੇਖੋਂ ਅਤੇ ਕਰਮਜੀਤ ਸ਼ਰਮਾ,
ਕ੍ਰਿਸ਼ੀ ਵਿਗਿਆਨ ਕੇਂਦਰ,
ਸ੍ਰੀ ਮੁਕਤਸਰ ਸਾਹਿਬ

ਸਿੰਚਾਈ ਵਾਲੇ ਪਾਣੀ ਵਿੱਚ ਜੇਕਰ ਨਮਕ ਮੌਜੂਦ ਹੋਵੇ ਤਾਂ ਅਜਿਹੇ ਪਾਣੀ ਨਾਲ ਲਗਾਤਾਰ ਸਿੰਚਾਈ ਕਰਨ 'ਤੇ ਮੌਜੂਦ ਨਮਕ ਮਿੱਟੀ ਵਿੱਚ ਇਕੱਠੇ ਹੋ ਜਾਂਦੇ ਹਨ, ਜਿਸ ਨਾਲ ਮਿੱਟੀ ਦੀ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ ਤੇ ਨਸਲਾਂ ਦਾ ਝਾੜ ਹੌਲੀ-ਹੌਲੀ ਘਟਣਾ ਸ਼ੁਰੂ ਹੋ ਜਾਂਦਾ ਹੈ। ਇੱਕ ਰਿਪੋਰਟ ਅਨੁਸਾਰ ਪੰਜਾਬ ਦੇ ਲਗਭਗ 40 ਫੀਸਦੀ ਰਕਬੇ ਵਿੱਚ ਅਤੇ ਖਾਸ ਤੌਰ 'ਤੇ ਦੱਖਣ-ਪੱਛਮੀ ਜ਼ਿਲ੍ਹਿਆਂ ਵਿੱਚ ਸਿੰਚਾਈ ਲਈ ਵਰਤੇ ਜਾਂਦੇ ਜ਼ਮੀਨੀ ਪਾਣੀ ਵਿੱਚ ਨਮਕ ਦੀ ਮਾਤਰਾ ਜ਼ਿਆਦਾ ਹੈ। ਨਮਕ ਵਾਲੇ ਪਾਣੀ ਨੂੰ ਦੋ ਵਰਗਾਂ ਵਿੱਚ ਵੰਡਿਆ ਜਾਂਦਾ ਹੈ, ਲੂਣਾ ਪਾਣੀ ਤੇ ਖਾਰਾ ਪਾਣੀ। ਲੂਣੇ ਪਾਣੀ ਵਿੱਚ ਸੋਡੀਅਮ ਦੇ ਕਲੋਰਾਈਡ ਜਾਂ ਸਲਫੇਟ ਮੌਜੂਦ ਹੁੰਦੇ ਹਨ ਅਤੇ ਖਾਰੇ ਪਾਣੀ ਵਿੱਚ ਸੋਡੀਅਮ ਦੇ ਕਾਰਬੋਨੇਟ ਜਾਂ ਬਾਈਕਾਰਬੋਨੇਟ ਮੌਜੂਦ ਹੁੰਦੇ ਹਨ। ਇਨ੍ਹਾਂ ਤੋਂ ਇਲਾਵਾ ਕੁਝ ਪਾਣੀਆਂ ਵਿੱਚ ਬੋਰੋਨ ਤੇ ਫਲੋਰਾਈਡ ਵਰਗੇ ਜ਼ਹਿਰੀਲੇ ਪਦਾਰਥ ਵੀ ਹੋ ਸਕਦੇ ਹਨ। ਇਸ ਲਈ ਪਹਿਲਾਂ ਪਾਣੀ ਦੀ ਜਾਂਚ ਕਰਵਾਉਣੀ ਬਹੁਤ ਜ਼ਰੂਰੀ ਹੈ। ਆਓ ਜਾਣਦੇ ਹਾਂ ਕਿ ਸਿੰਚਾਈ ਲਈ ਲੂਣੇ ਜਾਂ ਖਾਰੇ ਪਾਣੀ ਦੀ ਸੁਚੱਜੀ ਵਰਤੋਂ ਕਿਵੇਂ ਕਰੀਏ।


**1. ਜਲ ਨਿਕਾਸ ਦਾ ਯੋਗ ਪ੍ਰਬੰਧ** : ਨਮਕ ਵਾਲੇ ਪਾਣੀ ਦੀ ਲਗਾਤਾਰ ਸਿੰਚਾਈ ਦਾ ਮਾੜਾ ਅਸਰ ਉਦੋਂ ਸਭ ਤੋਂ ਵੱਧ ਆਉਂਦਾ ਹੈ, ਜਦੋਂ ਜੜ੍ਹ ਖੇਤਰ ਵਿੱਚ ਨਮਕ ਦੀ ਮਾਤਰਾ ਇਕੱਠੀ ਹੋ ਜਾਂਦੀ ਹੈ। ਇਸ ਲਈ ਮਾੜੇ ਪਾਣੀ ਦੀ ਲਗਾਤਾਰ ਵਰਤੋਂ ਵਾਲੀ ਸਥਿਤੀ ਵਿੱਚ ਇਸ ਗੱਲ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਜੜ੍ਹ ਖੇਤਰ ਵਿੱਚੋਂ ਵਾਧੂ ਘੁਲਣਸ਼ੀਲ ਨਮਕ ਘੁੱਲ ਕੇ ਜ਼ਮੀਨ ਦੀ ਡੂੰਘੀ ਪਰਤ ਵਿੱਚ ਚਲੇ ਜਾਣ। ਇਸ ਲਈ ਖਾਰੇ ਪਾਣੀ ਦੀ ਵਰਤੋਂ ਲਈ ਚੰਗਾ ਜਲ ਨਿਕਾਸ ਸਭ ਤੋਂ ਪਹਿਲੀ ਜ਼ਰੂਰਤ ਹੈ।

**2. ਖੇਤ ਨੂੰ ਪੱਧਰ ਕਰਨਾ** : ਖੇਤ ਵਿੱਚੋਂ ਘੁਲਣਸ਼ੀਲ ਨਮਕ ਦੇ ਇਕਸਾਰ ਜੀਰਨ ਲਈ ਇਹ ਜ਼ਰੂਰੀ ਹੈ ਕਿ ਸਾਰੇ ਖੇਤ ਵਿੱਚ ਪਾਣੀ ਦੀ ਇਕਸਾਰ ਵੰਡ ਹੋਵੇ। ਇਸ ਦੇ ਲਈ ਜ਼ਮੀਨ ਨੂੰ ਚੰਗੀ ਤਰ੍ਹਾਂ ਪੱਧਰ ਕਰਨਾ ਬਹੁਤ ਜ਼ਰੂਰੀ ਹੈ। ਜੇਕਰ ਖੇਤ ਦੇ ਪੱਧਰ ਵਿੱਚ ਮਾਮੂਲੀ ਫਰਕ ਵੀ ਹੋਵੇ ਤਾਂ ਪਾਣੀ ਅਤੇ ਨਮਕ ਦੀ ਵੰਡ ਅਸਾਵੀਂ ਹੋ ਜਾਂਦੀ ਹੈ।

**3. ਮਾੜੇ ਪਾਣੀ ਨੂੰ ਹਲਕੀਆਂ ਜ਼ਮੀਨਾਂ ਵਿੱਚ ਵਰਤਣਾ** : ਭਾਰੀਆਂ ਜ਼ਮੀਨਾਂ ਦੇ ਮੁਕਾਬਲੇ ਹਲਕੀਆਂ ਜ਼ਮੀਨਾਂ ਵਿੱਚ ਪਾਣੀ ਤੇਜ਼ੀ ਨਾਲ ਜ਼ੀਰਦਾ ਹੈ। ਤੇਜ਼ੀ ਨਾਲ ਪਾਣੀ ਜ਼ੀਰਨ ਕਰਕੇ ਹਲਕੀਆਂ ਜ਼ਮੀਨਾਂ ਵਿੱਚ ਨਮਕ ਜ਼ੀਰਨ ਦੀ ਦਰ ਵੀ ਵੱਧ ਜਾਂਦੀ ਹੈ, ਜਦੋਂਕਿ ਭਾਰੀਆਂ ਜ਼ਮੀਨਾਂ ਵਿੱਚ ਪਾਣੀ ਸਤਹਿ 'ਤੇ ਜ਼ਿਆਦਾ ਦੇਰ ਖੜ੍ਹਨ ਨਾਲ ਵਾਸ਼ਪੀਕਰਨ ਤੋਂ ਬਾਅਦ ਲੂਣਾਪਣ / ਖਾਰਾਪਣ ਤੇਜ਼ੀ ਨਾਲ ਬਣਦਾ ਹੈ। ਇਸ ਲਈ ਮਾੜੇ ਪਾਣੀ ਦੀ ਵਰਤੋਂ ਲਈ ਹਲਕੀਆਂ ਜ਼ਮੀਨਾਂ ਨੂੰ ਤਰਜ਼ੀਹ ਦੇਣੀ ਚਾਹੀਦੀ ਹੈ।

**4. ਸਹਿਣਸ਼ੀਲ ਫ਼ਸਲਾਂ ਦੀ ਚੋਣ ਕਰਨੀ** : ਜਿੱਥੇ ਜ਼ਮੀਨੀ ਪਾਣੀ ਮਾੜਾ ਹੋਵੇ, ਉੱਥੇ ਨਮਕ ਪ੍ਰਤੀ ਸਹਿਣਸ਼ੀਲ ਜਾਂ ਅਰਧ-ਸਹਿਣਸ਼ੀਲ ਫ਼ਸਲਾਂ ਜਿਵੇਂ ਕਿ ਜੌਂ, ਕਣਕ, ਸਰ੍ਹੋਂ, ਗੁਆਰਾ, ਸੇਂਜੀ, ਪਾਲਕ, ਸ਼ਲਗਮ, ਚਕੰਦਰ, ਰਾਇਆ ਅਤੇ ਮੋਟੇ ਅਨਾਜ ਆਦਿ ਨੂੰ ਤਰਜ਼ੀਹ ਦੇਣੀ ਚਾਹੀਦੀ ਹੈ। ਦਾਲਾਂ ਵਾਲੀਆਂ ਫ਼ਸਲਾਂ 'ਤੇ ਖਾਰੇ ਅਤੇ ਲੂਣੇ ਪਾਣੀ ਦਾ ਬਹੁਤ ਮਾੜਾ ਅਸਰ ਹੁੰਦਾ ਹੈ, ਇਸ ਲਈ ਦਾਲਾਂ ਨੂੰ ਮਾੜਾ ਪਾਣੀ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

**5. ਲੋੜ ਅਨੁਸਾਰ ਜਿਪਸਮ ਦੀ ਵਰਤੋਂ** : ਅਕਸਰ ਹੀ ਦੇਖਣ ਵਿੱਚ ਆਉਂਦਾ ਹੈ ਕਿ ਮਾੜੇ ਪਾਣੀ ਦੇ ਅਸਰ ਨੂੰ ਘਟਾਉਣ ਲਈ ਕਿਸਾਨ ਬਿਨਾਂ ਮਿੱਟੀ ਅਤੇ ਪਾਣੀ ਦੀ ਜਾਂਚ ਕਰਵਾਏ ਜਿਪਸਮ ਦੀ ਵਰਤੋਂ ਕਰਨ ਨੂੰ ਤਰਜ਼ੀਹ ਦਿੰਦੇ ਹਨ। ਇਸ ਦਾ ਕਈ



ਵਾਰ ਮਾੜਾ ਅਸਰ ਵੀ ਸਾਹਮਣੇ ਆਉਂਦਾ ਹੈ। ਇਸ ਲਈ ਮਿੱਟੀ ਪਾਣੀ ਦੀ ਪਰਖ ਦੇ ਅਧਾਰ 'ਤੇ ਜਦੋਂ ਸਿੰਚਾਈ ਵਾਲੇ ਪਾਣੀ ਦੀ ਆਰ. ਐਸ. ਸੀ. 2.5 ਐਮ. ਈ. ਪ੍ਰਤੀ ਲੀਟਰ ਤੋਂ ਵੱਧ ਹੋਵੇ ਤਾਂ ਜਿਪਸਮ ਦੀ ਵਰਤੋਂ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।

**6. ਜੈਵਿਕ ਖਾਦਾਂ ਦੀ ਵਰਤੋਂ ਕਰਨੀ** : ਚੂਨੇ ਜਾਂ ਰੋੜਾਂ ਵਾਲੀਆਂ ਜ਼ਮੀਨਾਂ, ਜਿਨ੍ਹਾਂ ਵਿੱਚ ਕੈਲਸ਼ੀਅਮ ਕਾਰਬੋਨੇਟ 2 ਪ੍ਰਤੀਸ਼ਤ ਤੋਂ ਜ਼ਿਆਦਾ ਹੋਵੇ ਅਤੇ ਖਾਰੇ ਪਾਣੀ ਨਾਲ ਸਿੰਜੀਆਂ ਜਾਂਦੀਆਂ ਹਨ, ਵਿੱਚ ਜੈਵਿਕ ਖਾਦਾਂ ਜਿਵੇਂ ਦੇਸੀ ਰੂੜੀ 8 ਟਨ ਪ੍ਰਤੀ ਏਕੜ ਜਾਂ 2.5 ਟਨ ਪ੍ਰਤੀ ਏਕੜ ਹਰੀ ਖਾਦ ਜਾਂ ਕਣਕ ਦਾ ਨਾੜ ਹਰ ਸਾਲ ਪਾਉਣਾ ਚਾਹੀਦਾ ਹੈ।

**7. ਖਾਰਾ ਅਤੇ ਚੰਗਾ ਪਾਣੀ ਇਕੱਠਾ ਲਾਉਣਾ** : ਮਾੜੇ ਪਾਣੀ ਵਾਲੇ ਇਲਾਕਿਆਂ ਵਿੱਚ ਨਹਿਰੀ ਪਾਣੀ ਲਾਉਣ ਨੂੰ ਤਰਜੀਹ ਦੇਣੀ ਚਾਹੀਦੀ ਹੈ, ਪਰ ਜੇਕਰ ਨਹਿਰੀ ਪਾਣੀ ਦੀ ਘਾਟ ਹੋਵੇ ਤਾਂ ਮਾੜੇ ਪਾਣੀ ਨੂੰ ਚੰਗੇ ਪਾਣੀ ਦੀ ਕਮੀ ਨੂੰ ਪੂਰਾ ਕਰਨ ਲਈ ਵਰਤਣਾ ਚਾਹੀਦਾ ਹੈ। ਇਸ ਦੇ ਲਈ ਇੱਕ ਤਰੀਕਾ ਇਹ ਹੈ ਕਿ ਜਦੋਂ ਨਹਿਰੀ ਪਾਣੀ ਨਾਲ ਸਿੰਚਾਈ ਹੋ ਰਹੀ ਹੋਵੇ ਤਾਂ ਮਾੜਾ ਅਤੇ ਚੰਗਾ ਪਾਣੀ ਇਕੱਠਾ ਵਰਤਿਆ ਜਾਵੇ। ਇਸੇ ਤਰ੍ਹਾਂ ਮਾੜਾ ਅਤੇ ਚੰਗਾ ਪਾਣੀ ਅਦਲ-ਬਦਲ ਕੇ ਵੀ ਵਰਤੇ ਜਾ ਸਕਦੇ ਹਨ। ਫ਼ਸਲ ਦੇ ਸ਼ੁਰੂਆਤੀ ਅਵਸਥਾ ਵਿੱਚ ਚੰਗਾ ਪਾਣੀ ਅਤੇ ਬਾਅਦ ਵਿੱਚ ਫ਼ਸਲ ਵਧਣ 'ਤੇ ਮਾੜਾ ਪਾਣੀ ਵਰਤਣਾ ਲਾਹੇਵੰਦ ਹੈ। ਵਧੀ ਹੋਈ ਫ਼ਸਲ ਵੱਧ ਖਾਰੇਪਣ ਅਤੇ ਸੋਕੇ ਨੂੰ ਸਹਾਰ ਸਕਦੀ ਹੈ।

**8. ਛੱਪੜਾਂ ਦੇ ਪਾਣੀ ਦੀ ਸਿੰਚਾਈ ਲਈ ਵਰਤੋਂ** : ਪਿੰਡਾਂ ਵਿੱਚ ਮੌਜੂਦ ਛੱਪੜਾਂ ਦੇ ਪਾਣੀ ਵਿੱਚ ਫ਼ਸਲਾਂ ਲਈ ਲੋੜੀਂਦੇ ਖੁਰਾਕੀ ਤੱਤ ਜਿਵੇਂ ਕਿ ਨਾਈਟਰੋਜਨ, ਫਾਸਫੋਰਸ ਅਤੇ ਪੋਟਾਸ਼ ਆਦਿ ਕਾਫੀ ਮਾਤਰਾ ਵਿੱਚ ਹੁੰਦੇ ਹਨ, ਇਸ ਲਈ ਛੱਪੜਾਂ ਨੂੰ ਚੰਗੇ ਪਾਣੀ ਦੇ ਸਰੋਤ ਵਜੋਂ ਵਰਤਿਆ ਜਾ ਸਕਦਾ ਹੈ, ਪਰ ਵਰਤਣ ਤੋਂ ਪਹਿਲਾਂ ਇਸ ਪਾਣੀ ਦੀ ਪਰਖ ਕਰਵਾ ਲੈਣੀ ਜ਼ਰੂਰੀ ਹੈ।

**9. ਨਰਮੇ ਦੀ ਫ਼ਸਲ ਵਿੱਚ ਮਾੜੇ ਪਾਣੀ ਦਾ ਪ੍ਰਬੰਧਨ** : ਨਰਮੇ ਦੀ ਫ਼ਸਲ ਦਾ ਜੰਮ ਪਾਣੀ ਦੀ ਗੁਣਵੱਤਾ 'ਤੇ ਕਾਫੀ ਨਿਰਭਰ ਕਰਦਾ ਹੈ। ਜੇਕਰ ਨਰਮੇ ਲਈ ਰੌਣੀ ਮਾੜੇ ਪਾਣੀ ਨਾਲ ਹੋਵੇ ਤਾਂ ਜੰਮ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਇਸ ਲਈ ਜਿੱਥੇ ਧਰਤੀ ਹੇਠਲਾ ਪਾਣੀ ਮਾੜਾ ਹੈ, ਉੱਥੇ ਨਹਿਰੀ ਪਾਣੀ ਨਾਲ ਭਰਵੀਂ ਰੌਣੀ ਕਰਨੀ ਚਾਹੀਦੀ ਹੈ ਤੇ ਨਰਮਾ ਵੱਟਾਂ 'ਤੇ ਬੀਜਣ ਨੂੰ ਤਰਜ਼ੀਹ ਦੇਣੀ ਚਾਹੀਦੀ ਹੈ। ਬਾਅਦ ਵਿੱਚ ਮਾੜੇ ਪਾਣੀ ਨੂੰ ਇੱਕ ਖੇਲ ਛੱਡ ਕੇ ਲਾਉਣਾ ਚਾਹੀਦਾ ਹੈ।

ਇਨ੍ਹਾਂ ਗੱਲਾਂ ਦਾ ਖਿਆਲ ਰੱਖ ਕੇ ਮਾੜੇ ਪਾਣੀ ਦੇ ਅਸਰ ਨੂੰ ਕਾਫੀ ਹੱਦ ਤੱਕ ਘਟਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਜਦ ਖਾਰੇ ਪਾਣੀ ਦੀ ਵਰਤੋਂ ਲਗਾਤਾਰ ਕਰਨੀ ਹੋਵੇ ਤਾਂ ਕਿਸਾਨਾਂ ਨੂੰ ਸਮੇਂ-ਸਮੇਂ 'ਤੇ ਮਿੱਟੀ ਦੀ ਪਰਖ ਕਰਵਾ ਕੇ ਲੂਣ ਬਣਨ ਦਾ ਨਿਰੀਖਣ ਰੱਖਣਾ ਚਾਹੀਦਾ ਹੈ। ਇਸ ਨਾਲ ਜ਼ਮੀਨ ਦੀ ਸਿਹਤ ਖਰਾਬ ਹੋਣ ਤੋਂ ਰੋਕਣ ਵਿੱਚ ਸਹਾਇਤਾ ਮਿਲਦੀ ਹੈ।



# ਗਰਮੀਆਂ ਦੌਰਾਨ ਦੁਧਾਰੂ ਪਸ਼ੂਆਂ ਦਾ ਖੁਰਾਕੀ ਪ੍ਰਬੰਧ

ਜ਼ਿਆਦਾ ਗਰਮੀ ਦੇ ਦਿਨ੍ਹਾਂ ਦੌਰਾਨ ਪਸ਼ੂਆਂ ਦਾ ਸਰੀਰਕ ਤਾਪਮਾਨ ਅਤੇ ਸਾਹ ਲੈਣ ਦੀ ਦਰ ਵੱਧ ਜਾਂਦੀ ਹੈ । ਜਿਸ ਨਾਲ ਪਸ਼ੂ ਪਾਣੀ ਵੱਧ ਪੀਂਦੇ ਹਨ ਪਰ ਉਨ੍ਹਾਂ ਦੀ ਖੁਰਾਕ ਲੈਣ ਦੀ ਸਮਰੱਥਾ ਘੱਟ ਜਾਂਦੀ ਹੈ । ਦੁਧਾਰੂ ਪਸ਼ੂਆਂ ਲਈ ਸਮਾਨਤਮ ਤਾਪਮਾਨ 15-30°C ਹੈ, ਜੇਕਰ ਇਸ ਤੋਂ ਤਾਪਮਾਨ 1°C ਵੀ ਵੱਧ ਜਾਂਦਾ ਹੈ ਤਾਂ ਖੁਰਾਕ ਦੀ ਖਪਤ 3-5% ਤੱਕ ਘੱਟ ਸਕਦੀ ਹੈ । ਗਰਮੀਆਂ ਵਿਚ ਪਸ਼ੂਆਂ ਲਈ ਖੁਰਾਕ ਦੀ ਉਪਲੱਬਧਤਾ ਵੀ ਪ੍ਰਭਾਵਿਤ ਹੁੰਦੀ ਹੈ । ਦੁੱਧ ਇਕ ਪੋਸ਼ਟਿਕ ਭੋਜਨ ਹੈ ਜਿਸ ਨੂੰ ਪੈਦਾ ਕਰਨ ਲਈ ਕਾਫੀ ਮਾਤਰਾ ਵਿਚ ਖੁਰਾਕੀ ਤੱਤਾਂ ਦੀ ਲੋੜ ਹੁੰਦੀ ਹੈ । ਪਸ਼ੂਆਂ ਵਿਚ ਉਰਜਾ ਪ੍ਰਦਾਨ ਕਰਨ ਲਈ ਖੁਰਾਕ ਵਿਚ ਅਨਾਜ ਦੀ ਵਰਤੋਂ ਕੀਤੀ ਜਾਂਦੀ ਹੈ । ਜ਼ਿਆਦਾ ਅਨਾਜ ਦੇਣ ਨਾਲ ਪਸ਼ੂ ਦੇ ਮਿਹਦੇ ਵਿੱਚ ਤੇਜ਼ਾਬੀਪਨ ਦੀ ਸਮੱਸਿਆ ਆਉਂਦੀ ਹੈ । ਇਸ ਕਾਰਨ ਪਸ਼ੂ ਦੀ ਭੁੱਖ ਅਤੇ ਦੁੱਧ ਦੀ ਫੈਟ ਘੱਟਦੀ ਹੈ ਅਤੇ ਲੰਗੜਾਪਨ ਵਧਦਾ ਹੈ । ਇਹ ਵੇਖਿਆ ਗਿਆ ਹੈ ਕਿ ਵੰਡ ਅਤੇ ਚਾਰਾ ਵੱਖ-ਵੱਖਰਾ ਪਾਉਣ ਕਾਰਨ ਰਿਊਮਨ ਵਿਚ ਤੇਜ਼ਾਬੀਪਨ ਹੁੰਦਾ ਹੈ । ਇਸ ਸਮੱਸਿਆ ਤੋਂ ਬਚਣ ਲਈ ਕੁੱਲ ਮਿਸ਼ਰਿਤ ਖੁਰਾਕ ਬਹੁਤ ਕਾਰਗਰ ਸਿੱਧ ਹੁੰਦੀ ਹੈ । ਇਸ ਵਿਚ ਹਰਾ ਚਾਰਾ/ਸਾਈਲੇਜ, ਵੰਡ ਅਤੇ ਤੂੜੀ ਰਲਾ ਕੇ ਦੇਣ ਨਾਲ ਪਸ਼ੂ ਵੰਡ ਨੂੰ ਹੌਲੀ-ਹੌਲੀ ਖਾਂਦਾ ਹੈ, ਜਿਸ ਨਾਲ ਨਾ ਸਿਰਫ ਖੁਰਾਕ ਖਾਣ ਦੀ ਸਮਰੱਥਾ ਵਿਚ ਵਾਧਾ ਹੁੰਦਾ ਹੈ ਬਲਕਿ ਦੁੱਧ ਉਤਪਾਦਨ ਅਤੇ ਫੈਟ ਦੀ ਪ੍ਰਤੀਸ਼ਤ ਵਿਚ ਵਾਧਾ ਵੀ ਹੁੰਦਾ ਹੈ ।



★ ਖੁਰਾਕ ਦੀ ਉਪਲੱਬਧਤਾ ਵਧਾਉਣ ਲਈ ਹਰੇ ਚਾਰੇ ਦੀਆਂ ਅਜਿਹੀਆਂ ਕਿਸਮਾਂ ਦੀ ਚੋਣ ਕਰੋ ਜਿਨ੍ਹਾਂ ਵਿਚ ਤਪਸ਼ ਸਹਿਣ ਦੀ ਸਮਰੱਥਾ ਵਧੇਰੇ ਹੋਵੇ ਅਤੇ ਜੋ ਘੱਟ ਪਾਣੀ ਦੀ ਵਰਤੋਂ ਕਰਕੇ ਵਧੇਰੇ ਝਾੜ ਦੇਣ ਦੇ ਸਮਰੱਥ ਹੋਣ ।

★ ਹਰੇ ਚਾਰੇ ਦਾ ਆਚਾਰ ਜਾਂ ਹੇਅ ਬਣਾਉ ਤਾਂ ਕਿ ਚਾਰੇ ਦੀ ਥੁੜ ਦੇ ਦਿਨਾਂ ਵਿਚ ਇਸਤੇਮਾਲ ਕੀਤਾ ਜਾ ਸਕੇ ।

★ ਪਸ਼ੂ ਖੁਰਾਕ ਵਿਚ ਸੁੱਕੇ ਚਾਰੇ ਗੁਣਵੱਤਾ ਵਧਾਉਣ ਭਾਵ ਯੂਰੀਆ ਆਦਿ ਨਾਲ ਸੋਧਣ ਉਪਰੰਤ ਹੀ ਵਰਤੋ ।

★ ਪਸ਼ੂਆਂ ਲਈ ਮਿਆਰੀ ਵੰਡ ਦੀ ਵਰਤੋਂ ਕਰਕੇ ਸੰਤੁਲਿਤ ਖੁਰਾਕ ਮੁਹੱਈਆ ਕਰਵਾਉ ।

★ ਗਰਮੀਆਂ ਵਿਚ ਵੰਡ ਪਾਣੀ ਵਿਚ ਭਿਉਂ ਕੇ ਪਾਉਣਾ ਕਾਫੀ ਲਾਹੇਵੰਦ ਹੁੰਦਾ ਹੈ ।

★ ਕੈਲਸ਼ੀਅਮ ਅਤੇ ਫਾਸਫੋਰਸ ਦੀ ਲੋੜ ਪੂਰੀ ਕਰਨ ਲਈ ਡਾਈ ਕੈਲਸ਼ੀਅਮ ਫਾਸਫੇਟ ਵਰਤਿਆ ਜਾਂਦਾ ਹੈ । ਇਸ ਵਿਚ ਕੈਲਸ਼ੀਅਮ ਅਤੇ ਫਾਸਫੋਰਸ ਕ੍ਰਮਵਾਰ 20 ਅਤੇ 12% ਹੋਣਾ ਚਾਹੀਦਾ ਹੈ । ਇਸ ਮਿਨਰਲ ਮਿਕਸਚਰ ਨੂੰ 2 ਕਿਲੋ ਪ੍ਰਤੀ 100 ਕਿਲੋ ਵੰਡ ਵਿਚ ਪਾਉਣਾ ਚਾਹੀਦਾ ਹੈ ।

★ ਵਿਟਾਮਿਨ ਨਾਇਆਸਿਨ ਵੀ ਗਰਮੀ ਸਮੇਂ ਵਧੇਰੇ ਦੁੱਧ ਵਾਲੀ ਗਾਂ ਲਈ ਜ਼ਿਆਦਾ ਊਰਜਾ ਭਰਪੂਰ ਖੁਰਾਕ ਨਾਲ ਦੇਣਾ ਚਾਹੀਦਾ ਹੈ ਇਸ ਦੀ ਮਾਤਰਾ 6-12 ਗ੍ਰਾਮ/ਗ੍ਹਾਂ/ਦਿਨ ਹੋਣੀ ਚਾਹੀਦੀ ਹੈ ।

# ਫਟਕੜੀ ਦੇ ਹਨ ਕਈ ਫਾਇਦੇ

ਆਪਣੇ ਐਂਟੀ ਬੈਕਟੀਰੀਅਲ ਗੁਣ ਦੇ ਕਾਰਨ ਫਟਕੜੀ ਦੀ ਵਰਤੋਂ ਸਾਡੇ ਘਰਾਂ 'ਚ ਸਦੀਆਂ ਤੋਂ ਹੁੰਦੀ ਆ ਰਹੀ ਹੈ । ਕਦੇ ਸੱਟ ਲੱਗਣ 'ਤੇ ਖੂਨ ਦੇ ਵਹਾਅ ਨੂੰ ਰੋਕਣ ਲਈ ਤਾਂ ਕਦੇ ਮੀਂਹ ਦੇ ਸਮੇਂ ਪੈਰ ਦੀ ਇਨਫੈਕਸ਼ਨ ਨੂੰ ਘੱਟ ਕਰਨ ਲਈ । ਇਸ ਨੂੰ ਸ਼ੇਵਿੰਗ ਦੇ ਬਾਅਦ ਚਿਹਰੇ 'ਤੇ ਇਕ ਐਂਟੀ-ਸੈਪਟਿਕ ਵਾਂਗ ਵੀ ਲਗਾਉਂਦੇ ਹਾਂ । ਇਨ੍ਹਾਂ ਸਭ ਦੀ ਵਰਤੋਂ ਦੇ ਇਲਾਵਾ ਵੀ ਇਸ ਨੂੰ ਹੋਰ ਕਈ ਤਰ੍ਹਾਂ ਨਾਲ ਵਰਤਿਆ ਜਾ ਸਕਦਾ ਹੈ । ਇਸ ਨਾਲ ਜੁੜੇ ਹੋਰ ਵੀ ਫਾਇਦੇ ਹਨ, ਅਸੀਂ ਚਾਹੁੰਦੇ ਹਾਂ ਕਿ ਤੁਸੀਂ ਇਹ ਜਾਣ ਲਓ ਕਿ ਫਟਕੜੀ ਹੁੰਦੀ ਕੀ ਹੈ ?

**ਕੀ ਹੈ ਫਟਕੜੀ ?**

ਫਟਕੜੀ ਦਾ ਵਿਗਿਆਨਕ ਨਾਂ ਪੋਟੈਸ਼ੀਅਮ ਐਲੂਮੀਨੀਅਮ ਸਲਫੇਟ ਹੈ । ਇਸ ਨੂੰ ਪੋਟਾਸ਼ ਐਲਮ ਜਾਂ ਫਿਰ ਸਿਰਫ ਐਲਮ ਵੀ ਕਿਹਾ ਜਾਂਦਾ ਹੈ । ਇਸ ਨੂੰ ਬਣਾਉਣ ਲਈ ਕੁਦਰਤੀ ਤੌਰ 'ਤੇ ਪਾਏ ਜਾਣ ਵਾਲੇ ਏਲਮ ਸ਼ੇਲਸ ਦੀ ਵਰਤੋਂ ਕੀਤੀ ਜਾਂਦੀ ਹੈ । ਫਟਕੜੀ ਦਾ ਸਵਾਦ ਕਸੈਲਾ ਅਤੇ ਐਸਿਡਿਕ ਹੁੰਦਾ ਹੈ । ਇਹ ਸਫੈਦ ਅਤੇ ਹਲਕੇ ਗੁਲਾਬੀ 2 ਰੰਗਾਂ 'ਚ ਆਉਂਦੀ ਹੈ ਪਰ ਘਰਾਂ 'ਚ ਸਫੇਦ ਦੀ ਹੀ ਵਰਤੋਂ ਬਹੁਤੀ ਕੀਤੀ ਜਾਂਦੀ ਹੈ । ਆਯੁਰਵੇਦ 'ਚ ਇਸ ਦੀ ਵਰਤੋਂ ਭਸਮ ਦੇ ਰੂਪ 'ਚ ਹੁੰਦੀ ਹੈ । ਭਸਮ ਫਟਕੜੀ ਨੂੰ ਵਾਸ਼ਪਿਤ ਕਰ ਕੇ ਤਿਆਰ ਕੀਤੀ ਜਾਂਦੀ ਹੈ ।

**ਫਟਕੜੀ ਦੀ ਵਰਤੋਂ ਅਤੇ ਉਸ ਦੇ ਫਾਇਦੇ**

ਗਰਮੀ ਦੇ ਦਿਨਾਂ 'ਚ ਜਾਂ ਉਂਝ ਵੀ ਜੇਕਰ ਤੁਸੀਂ ਪਸੀਨੇ ਤੋਂ ਆਉਣ ਵਾਲੀ ਬਦਬੋ ਤੋਂ ਪ੍ਰੇਸ਼ਾਨ ਰਹਿੰਦੇ ਹੋ ਤਾਂ ਤੁਸੀਂ ਫਟਕੜੀ ਨੂੰ ਡਿਓਡ੍ਰੈਂਟ ਦੀ ਵਰਤੋਂ ਕਰ ਸਕਦੇ ਹੋ, ਇਸ ਨੂੰ ਆਪਣੇ ਅੰਡਰਆਰਮ 'ਚ ਸਿੱਧੇ ਵੀ ਲਗਾ ਸਕਦੇ ਹੋ ਅਤੇ ਇਸ ਦਾ ਪਾਊਡਰ ਬਣਾ ਕੇ ਨਹਾਉਣ ਦੇ ਪਾਣੀ 'ਚ ਪਾ ਸਕਦੇ ਹੋ । ਹਾਲਾਂਕਿ ਰੋਜ਼ਾਨਾ ਵਰਤੋਂ ਨਾਲ ਨੁਕਸਾਨ ਹੋ ਸਕਦਾ ਹੈ । ਇਸ ਲਈ ਹਫਤੇ 'ਚ 2-3 ਹੀ ਕਰੋ ।

**ਖੂਨ ਦਾ ਵਗਣਾ ਰੋਕਦੀ ਹੈ**

ਸੱਟ ਲੱਗਣ ਦੇ ਬਾਅਦ ਵਗਦੇ ਖੂਨ ਨੂੰ ਰੋਕਣ 'ਚ ਫਟਕੜੀ ਕਾਰਗਰ ਹੈ । ਇਸ ਨੂੰ ਰਗੜ ਕੇ ਸੱਟ ਲੱਗੀ ਥਾਂ 'ਤੇ ਲਗਾਉਣ ਨਾਲ ਖੂਨ ਦੇ ਵਹਾ ਨੂੰ ਰੋਕਿਆ ਜਾ ਸਕਦਾ ਹੈ । ਹਾਲਾਂਕਿ ਇਹ ਨੁਸਖਾ ਹਲਕੀ ਸੱਟ 'ਤੇ ਹੀ ਕੰਮ ਕਰਦਾ ਹੈ । ਜੇਕਰ ਕੱਟ ਡੂੰਘੇ ਨਹੀਂ ਹਨ ਤਾਂ ਫਟਕੜੀ ਨੂੰ ਪੀਸ ਕੇ ਉਸ 'ਚ ਵੀ ਭਰ ਸਕਦੇ ਹੋ ਪਰ ਇਸ ਦੀ ਵੱਧ ਵਰਤੋਂ ਤੋਂ ਬਚੋ ਅਤੇ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ ।

**ਮੂੰਹ ਦੇ ਛਾਲਿਆਂ ਲਈ**

ਮੂੰਹ ਦੇ ਛਾਲਿਆਂ ਤੋਂ ਪ੍ਰੇਸ਼ਾਨ ਰਹਿੰਦੇ ਹੋ ਤਾਂ ਫਟਕੜੀ ਦੇ ਪਾਣੀ ਨਾਲ ਗਰਾਰੇ ਕਰੋ । ਹਲਕੇ ਗਰਮ ਪਾਣੀ 'ਚ ਫਟਕੜੀ ਪਾਓ ਅਤੇ ਉਸ 'ਚ ਆਪਣੇ ਮੂੰਹ 'ਚ ਲੈ ਕੇ ਕੁਝ ਦੇਰ ਤੱਕ ਘੁੰਮਾਓ । ਦਿਨ 'ਚ 2-3 ਵਾਰ ਗਰਾਰੇ ਕਰਨ ਨਾਲ ਅਰਾਮ ਮਿਲੇਗਾ ।

**ਫੰਗਲ ਇਨਫੈਕਸ਼ਨ ਘੱਟ ਕਰਨ 'ਚ ਕਾਰਗਰ**

ਜੇਕਰ ਤੁਹਾਡੇ ਪੈਰਾਂ 'ਚੋਂ ਬਦਬੋ ਆਉਂਦੀ ਹੈ ਜਾਂ ਕਿਸੇ ਤਰ੍ਹਾਂ ਦਾ ਫੰਗਲ ਇਨਫੈਕਸ਼ਨ ਪੈਦਾ ਹੋ ਰਿਹਾ ਹੈ ਤਾਂ ਫਟਕੜੀ ਦੀ ਵਰਤੋਂ ਕਰੋ । ਗਰਮ ਪਾਣੀ 'ਚ ਫਟਕੜੀ ਪਾਓ ਅਤੇ ਉਸ ਨਾਲ ਆਪਣੇ ਪੈਰਾਂ ਨੂੰ ਰੋਜ਼ਾਨਾ ਧੋਵੋ । ਨਾਰੀਅਲ ਤੇਲ 'ਚ ਫਟਕੜੀ ਪਾਊਡਰ ਮਿਲਾ ਕੇ ਲਗਾਓ, ਅਰਾਮ ਮਿਲੇਗਾ ।

**ਜੂੰਆਂ ਨੂੰ ਮਾਰਨ ਲਈ ਵਰਤੋਂ**

ਜੇਕਰ ਕਿਸੇ ਦੇ ਸਿਰ 'ਚ ਜੂੰਆਂ ਪੈ ਗਈਆਂ ਹਨ ਤਾਂ ਇਸ ਦਾ ਦੇਸੀ ਤਰੀਕੇ ਨਾਲ ਇਲਾਜ ਦੀ ਗੱਲ ਕਰੀਏ ਤਾਂ ਫਟਕੜੀ ਕਾਫੀ ਕਾਰਗਰ ਸਿੱਧ ਹੋ ਸਕਦੀ ਹੈ । ਫਟਕੜੀ ਨਾਲ ਵਾਲ ਧੋਣੇ ਕਾਫੀ ਲਾਹੇਵੰਦ ਹੋ ਸਕਦੇ ਹਨ । ਇਸ ਦੇ ਐਂਟੀ-ਬੈਕਟੀਰੀਅਲ ਗੁਣ ਦੇ ਕਾਰਨ ਹੀ ਜੂੰਆਂ ਦਾ ਖਾਤਮਾਂ ਹੋ ਜਾਂਦਾ ਹੈ ਤੇ ਉਹ ਮਰ ਜਾਂਦੀਆਂ ਹਨ । ਇਸ ਤੋਂ ਇਲਾਵਾ ਫਟਕੜੀ ਵਾਲੇ ਪਾਣੀ ਨਾਲ ਸਿਰ ਧੋਣ ਨਾਲ ਸਿਰ ਦੀ ਗੰਦਗੀ ਵੀ ਦੂਰ ਹੋ ਜਾਂਦੀ ਹੈ ।

# ਪਸ਼ੂ-ਪਾਲਕਾਂ ਲਈ ਜੂਨ ਮਹੀਨੇ ਦੇ ਰੁਝੇਵੇਂ

**ਡੇਅਰੀ ਕਿੱਤੇ ਲਈ :**

★ ਲਵੇਰੀਆਂ ਨੂੰ ਹਰਾ ਚਾਰਾ ਦਿਨ ਵਿੱਚ ਠੰਡੇ ਸਮੇਂ ਪਾਓ ।

★ ਲਵੇਰੀਆਂ ਦੀ ਖੁਰਾਕ ਵਿੱਚ ਆਇਓਡੀਨ ਯੁਕਤ ਨਮਕ ਇੱਕ ਫੀਸਦੀ ਦੇ ਹਿਸਾਬ ਨਾਲ ਇਸਤੇਮਾਲ ਕਰੋ ।

★ ਜੇਕਰ ਵੰਡ ਵਿੱਚ ਮੈਗਨੀਸ਼ੀਅਮ ਦੀ ਕਮੀਂ ਹੋਵੇ ਤਾਂ ਦੁੱਧ ਵਿੱਚ ਫੈਟ ਦੀ ਮਾਤਰਾ ਕਾਫੀ ਘੱਟ ਜਾਂਦੀ ਹੈ । ਇਸ ਲਈ ਲਵੇਰੀਆਂ ਦੇ ਵੰਡ ਵਿੱਚ ਵੈਟਨਰੀ ਯੂਨੀਵਰਸਿਟੀ ਤੋਂ ਉਪਲਬਧ ਆਪਣੇ ਇਲਾਕੇ ਮੁਤਾਬਕ ਖਣਿਜ ਮਿਸ਼ਰਣ ਇਸਤੇਮਾਲ ਕਰੋ ।

★ ਜੂਨ ਦੇ ਪਹਿਲੇ ਹਫਤੇ ਗਲ-ਘੋਟੂ ਅਤੇ ਆਖਰੀ ਹਫਤੇ ਮੂੰਹ-ਖੁਰ ਤੋਂ ਬਚਾਅ ਲਈ ਟੀਕੇ ਲਗਵਾਓ ।

★ ਹੇਹੇ ਵਿੱਚ ਆਉਣ ਵਾਲੇ ਪਸ਼ੂਆਂ ਨੂੰ ਸਵੇਰੇ ਸ਼ਾਮ ਗਹੁ ਨਾਲ ਤੱਕੋ ।

★ ਸੂਣ ਲਈ ਤਿਆਰ ਪਸ਼ੂਆਂ ਨੂੰ ਸੰਭਾਵਿਤ ਤਾਰੀਖ ਤੋਂ ਇੱਕ ਮਹੀਨਾ ਪਹਿਲਾਂ ਸੁਆਈ ਵਾਲੇ ਕਮਰੇ ਵਿੱਚ ਰੱਖੋ ।

★ ਸੁਆਈ ਵਾਲਾ ਕਮਰਾ ਹਵਾਦਾਰ, ਸਾਫ-ਸੁਥਰਾ ਅਤੇ ਤਿੱਖੀਆਂ ਨੁੱਕਰਾਂ ਤੋਂ ਰਹਿਤ ਹੋਵੇ ।



**ਚਾਰਾ ਪ੍ਰਬੰਧ :** ★ ਬੀਜ ਵਾਲੇ ਬਰਸੀਮ ਦੀ ਕਟਾਈ ਬਾਰਸ਼ਾਂ ਤੋਂ ਪਹਿਲਾਂ ਕਰੋ ।

★ ਸਾਉਣੀ ਦੇ ਚਾਰਿਆਂ ਦੀ ਬਿਜਾਈ ਨਾਲ ਹੀ ਚਾਲੂ ਰੱਖੋ ।

★ ਚਾਰੇ ਦੀ ਕਟਾਈ ਸਹੀ ਸਮੇਂ 'ਤੇ ਕਰਦੇ ਰਹੋ, ਇਨ੍ਹਾਂ ਨੂੰ ਪੱਕਣ ਨਾਲ ਦਿਉ ।

★ ਜਦੋਂ ਮੱਕੀ ਦੀ ਫਸਲ ਦੋਧੇ 'ਤੇ ਹੋਵੇ ਅਤੇ ਦਾਣੇ ਨਰਮ ਹੋਣ ਤਾਂ ਕਟਾਈ ਸ਼ੁਰੂ ਕਰ ਦਿਉ ।

**ਬੱਕਰੀ ਪਾਲਣ :**

★ ਤਿੰਨ ਮਹੀਨੇ ਦੀ ਉਮਰ ਦੇ ਮੇਮਣਿਆਂ ਨੂੰ ਮਲ੍ਹੱਪ ਰਹਿਤ ਕਰੋ ।

★ ਬੱਕਰੀਆਂ ਦੀ ਪਲੇਗ (PPR) ਅਤੇ ਮੂੰਹ-ਖੁਰ ਤੋਂ ਬਚਾਓ ਤੇ ਟੀਕੇ ਲਗਵਾਓ ।

★ ਪੰਦਰਾਂ ਕੁ ਕਿਲੋ ਵਜ਼ਨ ਦੇ ਮੇਮਣਿਆਂ (ਲੱਗਭਗ 3 ਮਹੀਨੇ ਦੀ ਉਮਰ ਦੇ) ਦੁੱਧ ਚੁੰਘਾਉਣਾ ਬੰਦ ਦਿਓ, ਪਰ ਇਸ ਗੱਲ ਤਸੱਲੀ ਕਰ ਲਵੋ ਕਿ ਉਹ ਸਹੀ ਮਾਤਰਾ ਵਿੱਚ ਹਰਾ ਚਾਰਾ ਅਤੇ ਵੰਡ ਖਾ ਰਹੇ ਹੋਣ ।

★ ਇਸੇ ਮਹੀਨੇ ਮੇਮਣਿਆਂ ਦਾ ਵਜ਼ਨ ਕਰਕੇ ਰਜਿਸਟਰ ਵਿੱਚ ਲਿਖ ਲਵੋ ।

★ ਗੱਭਣ ਬੱਕਰੀਆਂ ਦਾ ਦੁੱਧ ਸੁਕਾਉਣ ਲਈ ਉਹਨਾਂ ਦਾ ਵੰਡ ਬੰਦ ਕਰ ਦਿਓ ।

★ ਖੁਰਾਕੀ ਲੋੜਾਂ ਪੂਰੀਆਂ ਕਰਨ ਲਈ ਬਰਸੀਮ ਦਾ ਹੇਅ, ਮੱਕੀ, ਲੋਬੀਆ ਤੇ ਹਰੇ ਚਾਰਿਆਂ ਦੀ ਵਰਤੋਂ ਕਰੋ ।

**ਸੂਰ ਪਾਲਣ :**

★ ਜਿਹੜੇ ਸੂਰਾਂ ਦੀਆਂ ਅੱਖਾਂ ਜਾਂ ਨਾਸਾਂ ਵਿਚੋਂ ਲਗਾਤਾਰ ਪਾਣੀ ਵੱਗ ਰਿਹਾ ਹੋਵੇ, ਕੁੱਖਾਂ ਅੰਦਰ ਨੂੰ ਧਸੀਆਂ ਹੋਣ, ਲੰਮਾ ਸਮਾਂ ਫਰਸ਼ ਉੱਪਰ ਲੇਟੇ ਰਹਿਣ, ਸਾਹ ਤੇਜ਼ ਹੋਵੇ, ਉਹਨਾਂ ਦਾ ਡਾਕਟਰ ਪਾਸੋਂ ਮੁਆਇਨਾ ਕਰਵਾਓ ।

★ ਸਾਫ ਪੀਣ ਵਾਲੇ ਪਾਣੀ ਦਾ ਸੁਚੱਜਾ ਪ੍ਰਬੰਧ ਕਰੋ ।

★ ਪਾਣੀ ਦੀ ਕੁਆਲਿਟੀ ਵੀ ਚੈੱਕ ਕਰਵਾਓ ।

★ ਪਸ਼ੂਆਂ ਨੂੰ ਖੁਰਾਕ ਦਿਨ ਦੇ ਠੰਡੇ ਵੇਲੇ ਦੇਵੋ ।

★ ਲੋੜ ਅਨੁਸਾਰ ਪਸ਼ੂਆਂ ਨੂੰ ਦਿਨ ਵਿੱਚ ਘੱਟੋ-ਘੱਟ ਇਕ ਵਾਰੀ ਨਹਿਲਾਓ ।

**ਮੁਰਗੀ ਪਾਲਣ :**

★ ਮਈ ਮਹੀਨੇ ਵਾਲੇ ਕੰਮ ਜਾਰੀ ਰੱਖੋ ।

★ ਮੁਰਗੀਆਂ ਲਈ ਸਾਫ ਅਤੇ ਤਾਜ਼ਾ ਪਾਣੀ ਤਿੰਨ ਤੋਂ ਚਾਰ ਵਾਰੀ ਬਦਲੋ ।

★ ਪਾਣੀ ਵਾਲੇ ਬਰਤਨ ਇਸ ਤਰ੍ਹਾਂ ਰੱਖੋ ਕਿ ਮੁਰਗੀਆਂ ਨੂੰ 8 ਫੁੱਟ ਤੋਂ ਵੱਧ ਤੁਰਨਾ ਨਾ ਪਵੇ ।

★ ਬਿਮਾਰ ਮੁਰਗੀਆਂ ਨੂੰ ਤੁਰੰਤ ਅਲੱਗ ਕਰ ਦਿਉ ।

★ ਬਾਕੀ ਸ਼ੈਡ ਬਿਮਾਰੀ ਮੁਕਤ ਰੱਖਣ ਲਈ ਠੋਸ ਉਪਰਾਲੇ ਕਰੋ ।

★ ਮੁਰਗੀਆਂ ਨੂੰ ਤਾਪ ਸੰਕਟ ਤੋਂ ਬਚਾਉਣ ਲਈ ਨਮਕ-ਚੀਨੀ ਦਾ ਘੋਲ ਅਤੇ ਵਿਟਾਮਿਨ-ਸੀ ਪਾਣੀ ਦੁਆਰਾ ਮੁਹੱਈਆ ਕਰਵਾਉ ।

**ਮੱਛੀ ਪਾਲਣ :**

★ ਤਲਾਅ ਵਿੱਚ ਖੁਰਾਕ, ਖਾਦ, ਚੂਨਾ ਅਪ੍ਰੈਲ/ਮਈ ਮਹੀਨੇ ਅਨੁਸਾਰ ਹੀ ਪਾਓ ।

★ ਤਲਾਅ ਵਿੱਚ ਕਾਈ ਬਨਣ ਦੀ ਸੂਰਤ ਵਿੱਚ ਮੱਛੀ ਨੂੰ ਖੁਰਾਕ ਪਾਉਣੀ ਬੰਦ ਕਰ ਦਿਓ ।

★ ਮਾਨਸੂਨ ਦੌਰਾਨ ਤਲਾਅ ਦੇ ਬੰਨਾਂ ਨੂੰ ਖੁਰਣ ਤੋਂ ਬਚਾਉਣ ਲਈ ਬੰਨਾਂ ਦੇ ਅੰਦਰਲੇ ਪਾਸੇ ਘਾਹ ਲਗਾਓ ।

★ ਜੇ ਪਾਣੀ ਦੀ ਪੀ. ਐਚ. 9.5 ਤੋਂ ਵੱਧ ਜਾਵੇ ਤਾਂ ਮਾਹਿਰਾਂ ਨਾਲ ਸੰਪਰਕ ਕਰਕੇ ਜਿਪਸਮ ਜਾਂ ਫਟਕੜੀ ਪਾਓ ।

★ ਤੜਕੇ ਵੇਲੇ ਤਲਾਅ ਵਿੱਚ ਤਾਜ਼ਾ ਪਾਣੀ ਛੱਡੋ ਜਾਂ ਏਰੇਸ਼ਨ ਕਰੋ ।

★ 10-20% ਤਲਾਅ ਦੇ ਪਾਣੀ ਦੀ ਤਜ਼ੇ ਪਾਣੀ ਨਾਲ ਅਦਲਾ-ਬਦਲੀ ਕਰੋ ।

★ ਹਰ 15-20 ਦਿਨਾਂ ਬਾਅਦ ਮੱਛੀ ਦੇ ਵੱਧ ਰਹੇ ਭਾਰ ਅਨੁਸਾਰ ਖੁਰਾਕ ਦੀ ਮਾਤਰਾ ਵਧਾਓ ।

*ਰਾਕੇਸ਼ ਕੁਮਾਰ ਸ਼ਰਮਾ, ਜਸਵਿੰਦਰ ਸਿੰਘ ਅਤੇ ਵਿਨੀਤ ਇੰਦਰ ਕੌਰ*

# ਜੂਨ ਮਹੀਨੇ ਦੇ ਖੇਤੀ ਰੁਝੇਵੇਂ



**ਸੰਯੋਜਕ** : ਅਮਰਜੀਤ ਸਿੰਘ । **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ

**ਕਮਾਦ** : ਕਮਾਦ ਦੀ ਫਸਲ ਨੂੰ 7-12 ਦਿਨਾਂ ਦੇ ਵਕਫੇ ਅਤੇ ਪਾਣੀ ਦਿਉ ਅਤੇ ਕਮਾਦ ਦੀਆਂ ਕਤਾਰਾਂ ਦੇ ਨਾਲ-ਨਾਲ 65 ਕਿਲੋ ਯੂਰੀਆ ਦੀ ਦੂਸਰੀ ਕਿਸ਼ਤ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ । ਆਗ ਦੇ ਗੜੂੰਏਂ ਹਮਲੇ ਦੀ ਰੋਕਥਾਮ ਲਈ ਮਿੱਤਰ ਕੀੜੇ (ਟ੍ਰਾਈਕੋਗਰਾਮਾ ਜਪੋਨੀਕਮ) ਰਾਹੀਂ 7 ਦਿਨ ਪਹਿਲਾਂ ਪ੍ਰਜੀਵੀ ਕਿਰਿਆ ਕੀਤੇ ਕੋਰਸਾਇਰਾ ਦੇ ਤਕਰੀਬਨ 20,000 ਆਂਡੇ ਪ੍ਰਤੀ ਏਕੜ ਦੇ ਹਿਸਾਬ ਨਾਲ 10 ਦਿਨ ਦੇ ਫਰਕ ਨਾਲ ਵਰਤੋ । ਟ੍ਰਾਈਕੋਕਾਰਡਾਂ ਦੀ ਵਰਤੋਂ ਤੇ ਨਾਲ-ਨਾਲ, 10 ਫਿਰੋਮੋਨ ਟਰੈਪ ਪ੍ਰਤੀ ਏਕੜ ਵਰਤਣ ਨਾਲ ਆਗ ਦੇ ਗੜੂੰਏਂ ਦੀ ਸੁਚੱਜੀ ਰੋਕਥਾਮ ਕੀਤੀ ਜਾ ਸਕਦੀ ਹੈ। ਜੂਨ ਦੇ ਅਖੀਰਲੇ ਹਫਤੇ ਜਾਂ ਜੁਲਾਈ ਦੇ ਪਹਿਲੇ ਹਫਤੇ ਹਮਲਾ 5% ਤੋਂ ਵੱਧ ਹੋਵੇ ਤਾਂ 10 ਕਿਲੋ 0.4 ਜੀ ਆਰ ਜਾਂ 12 ਕਿਲੋ ਕਾਰਬੋਫਿਊਰਾਨ 3 ਜੀ ਪ੍ਰਤੀ ਏਕੜ ਦੇ



ਹਿਸਾਬ ਨਾਲ ਸ਼ਾਖਾਂ ਦੇ ਮੁੱਢਾਂ ਨੇੜੇ ਪਾਉ ਅਤੇ ਹਲਕੀ ਮਿੱਟੀ ਚਾੜ ਕੇ ਖੇਤ ਨੂੰ ਪਾਣੀ ਲਾ ਦਿਉ । ਇਸ ਮਹੀਨੇ ਕਈ ਵਾਰ ਕਾਲੇ ਖਟਮਲ ਦਾ ਹਮਲਾ ਖਾਸ ਕਰਕੇ ਮੁੱਢੇ ਕਮਾਦ ਤੇ ਕਾਫੀ ਖਤਰਨਾਕ ਹੁੰਦਾ ਹੈ । ਇਸ ਦੀ ਰੋਕਥਾਮ 350 ਮਿਲੀਲਿਟਰ ਡਰਸਬਾਨ / ਲੀਥਲ / ਮਾਸਬਾਨ / ਗੋਲਡਬਾਨ 20 ਈ ਸੀ ਨੂੰ 400 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕਰਨ ਨਾਲ ਕੀਤੀ ਜਾ ਸਕਦੀ ਹੈ। ਛਿੜਕਾਅ ਦਾ ਰੁਖ ਸਿੱਧੇ ਪੱਤਿਆਂ ਦੀ ਗੋਭ ਵੱਲ ਕਰੋ । ਜ਼ਿਆਦਾ ਖੁਸ਼ਕ ਮੌਸਮ ਕਰਕੇ ਗੰਨੇ ਦੀ ਫਸਲ ਤੇ ਜੂੰ ਦਾ ਹਮਲਾ ਹੋ ਸਕਦਾ ਹੈ। ਕਮਾਦ ਦੀ ਫਸਲ ਲਾਗਿਉਂ ਬਰੂ ਦੇ ਬੂਟੇ ਪੁੱਟ ਦਿਉ ਕਿਉਂਕਿ ਇਨ੍ਹਾਂ ਬੂਟਿਆਂ ਤੋਂ ਜੂੰ ਕਮਾਦ ਦੀ ਫਸਲ 'ਤੇ ਫੈਲਦੀ ਹੈ।

**ਕਪਾਹ** : ਜੇਕਰ ਇਟਸਿਟ ਪਹਿਲੇ ਪਾਣੀ ਨਾਲ ਜਾਂ ਬਾਰਿਸ਼ਾਂ ਦੇ ਨਾਲ ਫਸਲ ਵਿੱਚ ਉੱਗ ਪਵੇ ਤਾਂ ਇੱਕ ਲਿਟਰ ਸਟੌਂਪ 30 ਈ ਸੀ ਨੂੰ 200 ਲਿਟਰ ਪਾਣੀ ਵਿੱਚ ਪਾ ਕੇ ਪ੍ਰਤੀ ਏਕੜ ਦੇ ਹਿਸਾਬ ਕਪਾਹ ਨੂੰ ਪਾਣੀ ਲਾਉਣ ਤੋਂ ਪਿੱਛੋਂ



ਵਰਤੋ । ਸਟੌਂਪ ਨਦੀਨ ਨਾਸ਼ਕ ਉੱਗੇ ਹੋਏ ਨਦੀਨਾਂ ਨੂੰ ਨਹੀਂ ਮਾਰਦੀ । ਇਸ ਲਈ ਨਦੀਨ ਨਾਸ਼ਕ ਦੀ ਵਰਤੋਂ ਤੋਂ ਪਹਿਲਾਂ ਉੱਗੇ ਨਦੀਨਾਂ ਦੀ ਗੋਡੀ ਕਰ ਦਿਓ । ਇਸ ਦੇ ਬਦਲ ਵਿਚ ਫਸਲ ਵਿਚ ਪਹਿਲੇ ਪਾਣੀ ਤੋਂ ਬਾਅਦ ਖੇਤ ਵੱਤਰ ਆਉਣ ਤੇ 500 ਮਿਲੀਲਿਟਰ ਪ੍ਰਤੀ ਏਕੜ ਹਿਟਵੀਡ ਮੈਕਸ 10 ਪ੍ਰਤੀਸ਼ਤ (ਪਾਈਰੀਥਾਇਓਬੈਕ ਸੋਡੀਅਮ 6% + ਕੁਇਜ਼ਾਲੋਫਾਪ ਇਥਾਇਲ 4%) ਦਾ ਛਿੜਕਾਅ ਕਰਨ ਤੇ ਘਾਹ ਅਤੇ ਚੌੜੇ ਪੱਤੇ ਵਾਲੇ ਮੌਸਮੀ ਨਦੀਨਾਂ ਦੀ ਚੰਗੀ ਰੋਕਥਾਮ ਕੀਤੀ ਜਾ ਸਕਦੀ ਹੈ । ਇਹ ਨਦੀਨਨਾਸ਼ਕ ਲਪੇਟਾ ਵੇਲ (ਗੁਆਰਾ ਵੇਲ) ਦੀ ਵੀ 2 ਤੋਂ 5 ਪੱਤਿਆਂ ਦੀ ਅਵਸਥਾ ਤੇ ਚੰਗਾ ਰੋਕਥਾਮ ਕਰਦੀ ਹੈ। ਨਰਮੇ ਦੀ ਫਸਲ ਨੂੰ ਵਿਰਲਾ ਕਰਨ ਤੋਂ ਬਾਅਦ ਬੀ. ਟੀ. ਰਹਿਤ ਕਿਸਮਾਂ ਲਈ 33 ਕਿਲੋ ਯੂਰੀਆ, ਬੀ ਟੀ ਨਰਮੇ ਦੀਆਂ ਕਿਸਮਾਂ ਲਈ 40 ਕਿਲੋ ਯੂਰੀਆ ਅਤੇ ਗੈਰ ਬੀ ਟੀ/ਹਾਈਬਰਿਡ ਲਈ 45 ਕਿਲੋ ਯੂਰੀਆ ਪ੍ਰਤੀ ਏਕੜ ਪਾਉ । ਬੀ ਟੀ ਨਰਮੇ ਵਿੱਚ ਲੋੜ ਅਨੁਸਾਰ ਯੂਰੀਆ ਵਰਤਣ ਲਈ ਪੀ ਏ ਯੂ-ਪੱਤਾ ਰੰਗ ਚਾਰਟ ਦੀ ਵਰਤੋਂ ਕੀਤੀ ਜਾ ਸਕਦੀ ਹੈ। ਜੇਕਰ ਖੇਤ ਵਿੱਚ ਬੂਟਿਆਂ ਦੀ ਗਿਣਤੀ ਘੱਟ ਹੋਵੇ ਤਾਂ ਲਿਫਾਫਿਆਂ ਵਿੱਚ ਅਗਾਊਂ ਬੀਜੇ ਤਿੰਨ ਹਫਤੇ ਦੇ ਨਰਮੇ ਦੇ ਬੂਟੇ ਖੇਤ ਵਿੱਚ ਲਗਾ ਕੇ ਗਿਣਤੀ ਪੂਰੀ ਕਰ ਸਕਦੇ ਹੋ ।

ਗਰੈਮਕਸੋਨ (ਪੈਰਾਕੁਏਟ) 0.5 ਲਿਟਰ ਪ੍ਰਤੀ ਏਕੜ ਨੂੰ 100 ਲਿਟਰ ਪਾਣੀ ਵਰਤ ਕੇ ਨਰਮੇ ਦੀ ਬਿਜਾਈ ਤੋਂ 6-8 ਹਫਤੇ ਬਾਅਦ ਨਰਮੇ ਦੀਆਂ ਕਤਾਰਾਂ ਵਿਚਕਾਰ ਸਿੱਧਾ ਛਿੜਕਾਅ ਕਰਕੇ ਨਦੀਨਾਂ ਤੇ ਚੰਗਾ ਕਾਬੂ ਪਾਇਆ ਜਾ ਸਕਦਾ ਹੈ। ਨਰਮੇ ਦੇ ਬੂਟਿਆਂ ਦੇ ਪੱਤਿਆਂ ਤੇ ਛਿੜਕਾਅ ਨਹੀਂ ਪੈਣਾ ਚਾਹੀਦਾ । ਨਰਮੇ ਦੀ ਬਿਜਾਈ ਤੋਂ 6-8 ਹਫਤਿਆਂ ਬਾਅਦ ਗੋਡੀ ਕਰਕੇ ਵੀ ਨਦੀਨ ਕੱਢੇ ਜਾ ਸਕਦੇ ਹਨ । ਨਰਮੇ ਤੋਂ ਇਲਾਵਾ ਚਿੱਟੀ ਮੱਖੀ ਦਾ ਹਮਲਾ ਹੋਰ ਫਸਲਾਂ ਜਿਵੇਂ ਕਿ ਬੈਂਗਣ, ਆਲੂ, ਟਮਾਟਰ, ਮਿਰਚਾਂ, ਮੂੰਗੀ ਆਦਿ ਤੇ ਵੀ ਪਾਇਆ ਜਾਂਦਾ ਹੈ । ਇਸ ਲਈ ਇਹਨਾਂ ਫਸਲਾਂ ਦਾ ਲਗਾਤਾਰ ਸਰਵੇਖਣ ਕਰੋ ਅਤੇ ਲੋੜ ਮੁਤਾਬਿਕ ਇਸ ਦੀ ਰੋਕਥਾਮ ਕਰੋ । ਇਸ ਮਹੀਨੇ ਨਰਮੇ ਦੀ ਫਸਲ ਤੇ ਵੀ ਚਿੱਟੀ ਮੱਖੀ ਦਾ ਲਗਾਤਾਰ ਸਰਵੇਖਣ ਕਰਦੇ ਰਹੋ । ਹਰੇ ਤੇਲੇ ਦੀ ਰੋਕਥਾਮ ਲਈ 300 ਮਿਲੀਲਿਟਰ ਕੀਫਨ 15 ਈ ਸੀ



(ਟੋਲਫੈਨਪਾਇਰੈਡ) ਜਾਂ 60 ਗ੍ਰਾਮ ਓਸ਼ੀਨ 20 ਐਸ ਸੀ ਜਾਂ 300 ਮਿਲੀਲਿਟਰ ਲਿਓਨ 5 ਈ ਸੀ (ਫੈਨਪਾਇਰੋਕਸੀਮੇਟ) ਜਾਂ 80 ਗ੍ਰਾਮ ਉਲਾਲਾ 50 ਡਬਲਯੂ ਜੀ (ਫਲੋਨਿਕਾਮਿਡ) ਜਾਂ 40 ਗ੍ਰਾਮ ਐਕਟਾਰਾ / ਦੋਤਾਰਾ / ਐਕਸਟਰਾ ਸੁਪਰ / ਥੌਮਸਨ 25 ਡਬਲਯੂ ਜੀ (ਥਾਇਆਮੀਥਾਕਸਮ) ਨੂੰ 100 ਲਿਟਰ ਪਾਣੀ ਵਿੱਚ ਪ੍ਰਤੀ ਏਕੜ ਦੇ ਹਿਸਾਬ ਛਿੜਕੋ । ਖੇਤਾਂ ਵਿੱਚੋਂ ਸ਼ੁਰੂ ਤੋਂ ਹੀ ਪੱਤਾ ਮਰੋੜ ਵਿਸ਼ਾਣੂੰ ਰੋਗ (ਲੀਫ ਕਰਲ) ਵਾਲੇ ਬੂਟੇ ਸਮੇਂ-ਸਮੇਂ ਸਿਰ ਪੁੱਟ ਕੇ ਦਬਾਉਂਦੇ ਰਹੋ । ਸਿਫਾਰਿਸ਼ ਕੀਤੇ ਕੀਟਨਾਸ਼ਕ ਵਰਤ ਕੇ ਚਿੱਟੀ ਮੱਖੀ ਦੀ ਰੋਕਥਾਮ ਕਰੋ । ਖੇਤਾਂ ਦੇ ਆਲੇ ਦੁਆਲੇ ਨਦੀਨਾਂ ਦੀ ਰੋਕਥਾਮ ਕਰੋ ਤਾਂ ਜੋ ਮਿਲੀਬੱਗ ਇਨ੍ਹਾਂ ਨਦੀਨਾਂ ਤੇ ਆਪਣਾ ਵਾਧਾ ਨਾ ਕਰ ਸਕੇ ਅਤੇ ਫਸਲ ਇਸ ਦੇ ਹਮਲੇ ਤੋਂ ਬਚੀ ਰਹੇ । ਪੈਰਾ ਵਿਲਟ ਕਾਰਨ ਨਰਮੇਂ ਦੇ ਬੂਟੇ ਪਾਣੀ ਲੱਗਣ ਤੋਂ ਬਾਅਦ ਮੁਰਝਾਅ ਜਾਂਦੇ ਹਨ। ਇਸ ਦੀ ਰੋਕਥਾਮ ਲਈ ਕੋਬਾਲਟ ਕਲੋਰਾਈਡ 10 ਮਿਲੀਗ੍ਰਾਮ ਪ੍ਰਤੀ ਲਿਟਰ ਪਾਣੀ ਦੇ ਘੋਲ ਦਾ ਛਿੜਕਾਅ ਉਸ ਵੇਲੇ ਕਰਨਾ ਹੈ ਜਦੋਂ ਬੂਟਾ ਮੁਰਝਾਉਣਾ ਸ਼ੁਰੂ ਹੋਵੇ ।

**ਝੋਨਾ** : ਅੱਧ ਮਈ ਵਿੱਚ ਬੀਜੀ ਗਈ ਝੋਨੇ ਦੀ ਪਨੀਰੀ ਨੂੰ ਯੂਰੀਏ ਦੀ ਦੂਸਰੀ ਖੁਰਾਕ (26 ਕਿਲੋ/ਏਕੜ) ਪਾਉ ਤਾਂ ਜੋ ਖੇਤ ਵਿੱਚ ਲਗਾਉਣ ਲਈ ਪਨੀਰੀ ਸਮੇਂ ਸਿਰ ਤਿਆਰ ਹੋ ਜਾਵੇ । ਝੋਨੇ ਦੀਆਂ ਪੀ. ਆਰ.-132, ਪੀ ਆਰ-131, ਪੀ ਆਰ-129, ਪੀ ਆਰ-128, ਪੀ ਆਰ-121, ਪੀ ਆਰ-122, ਪੀ ਆਰ-114 ਅਤੇ ਪੀ ਆਰ-113 ਕਿਸਮਾਂ ਨੂੰ 20 ਜੂਨ ਤੋਂ ਅਤੇ ਪੀ ਆਰ-127, ਪੀ ਆਰ-130, ਐਚ ਕੇ ਆਰ 147 ਅਤੇ ਪੀ ਆਰ-126 ਨੂੰ 25 ਜੂਨ ਤੋਂ ਖੇਤਾਂ ਵਿੱਚ ਲਗਾਉਣੀਆਂ ਸ਼ੁਰੂ ਕਰ ਦਿਉ । ਝੋਨੇ ਦੀ ਪੀ ਆਰ-126 ਕਿਸਮ ਦੀ ਲਵਾਈ 15 ਜੁਲਾਈ ਤੱਕ ਖੇਤਾਂ ਵਿਚ ਕਰ ਸਕਦੇ ਹਾਂ । ਝੋਨੇ ਦੀ ਪੀ ਆਰ-126 ਕਿਸਮ ਜਲਦੀ ਖੇਤ ਖਾਲੀ ਕਰ ਦਿੰਦੀ ਹੈ ਅਤੇ ਆਲੂ, ਮਟਰ ਅਤੇ ਬਰਸੀਮ ਦੀਆਂ ਫਸਲਾਂ ਦੀ ਸਮੇਂ ਸਿਰ ਬਿਜਾਈ ਹੋ ਜਾਂਦੀ ਹੈ । ਖੇਤ ਵਿੱਚ ਲਾਉਣ ਸਮੇਂ ਦਰਮਿਆਨਾ ਸਮਾਂ ਲੈਣ ਵਾਲੀਆਂ ਕਿਸਮਾਂ ਲਈ 30-35 ਦਿਨਾਂ ਦੀ ਜਦੋਂ ਕਿ ਥੋੜ੍ਹਾ ਸਮਾਂ ਲੈਣ ਵਾਲੀਆਂ ਕਿਸਮਾਂ (ਪੀ ਆਰ-126) ਲਈ 25 ਤੋਂ 30 ਦਿਨਾਂ ਦੀ ਪਨੀਰੀ ਵਰਤੋ । ਆਮ ਕਰਕੇ ਹਲਕੀਆਂ ਜ਼ਮੀਨਾਂ ਤੇ ਝੋਨੇ ਦੀ ਪਨੀਰੀ ਪੀਲੀ ਜਾਂ ਚਿੱਟੀ ਜਿਹੀ ਹੋ ਜਾਂਦੀ ਹੈ । ਇਸ ਦੀ ਰੋਕਥਾਮ ਲਈ 0.5 ਤੋਂ 1 ਕਿਲੋ ਫੈਰਸ ਸਲਫੇਟ, 100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ । ਹਫਤੇ-ਹਫਤੇ ਦੇ ਵਕਫੇ ਤੇ ਇਹ ਛਿੜਕਾਅ 2-3 ਵਾਰੀ ਦੁਹਰਾਉ । ਝੋਨੇ ਦੀ ਪਨੀਰੀ ਨੂੰ ਖੇਤ ਵਿੱਚ ਲਗਾਉਣ ਸਮੇਂ ਦਰਮਿਆਨੀਆਂ ਜ਼ਮੀਨਾਂ ਵਿੱਚ 30 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਪਾਉ । ਪਰ ਜੇਕਰ ਯੂਰੀਆ ਦੀ ਵਰਤੋਂ ਪੱਤਾ ਰੰਗ ਚਾਰਟ ਅਨੁਸਾਰ ਕਰਨੀ ਹੋਵੇ ਤਾਂ ਬਿਜਾਈ ਵੇਲੇ 25 ਕਿਲੋ ਯੂਰੀਆ/ਏਕੜ ਪਾਉ । ਜਿੱਥੇ ਕਣਕ ਤੋਂ ਬਾਅਦ ਝੋਨਾ ਬੀਜਣਾ ਹੋਵੇ ਅਤੇ ਸਿਫਾਰਸ਼ ਕੀਤੀ ਗਈ ਫਾਸਫੋਰਸ ਕਣਕ ਨੂੰ ਪਾਈ ਹੋਵੇ ਤਾਂ ਝੋਨੇ ਨੂੰ ਫਾਸਫੋਰਸ ਖਾਦ ਨਾ ਪਾਉ । ਮਿੱਟੀ ਪਰਖ ਦੇ ਆਧਾਰ ਤੇ ਜਿਨ੍ਹਾਂ ਖੇਤਾਂ ਵਿੱਚ ਫਾਸਫੋਰਸ ਘੱਟ ਹੈ, ਉੱਥੇ 75 ਕਿਲੋ ਸਿੰਗਲ ਸੁਪਰਫਾਸਫੇਟ ਜਾਂ 27 ਕਿਲੋ ਡੀ ਏ ਪੀ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ । ਖਾਦਾਂ ਦੀ ਸਹੀ ਅਤੇ ਸੰਤੁਲਿਤ ਵਰਤੋਂ ਕਰੋ । ਝੋਨੇ ਵਿੱਚ ਜ਼ਿੰਕ ਦੀ ਘਾਟ ਦੂਰ ਕਰਨ ਲਈ ਜੇ ਲੋੜ ਹੋਵੇ ਤਾਂ ਕੱਦੂ ਕਰਨ ਸਮੇਂ ਹੀ 25 ਕਿਲੋ ਜ਼ਿੰਕ ਸਲਫੇਟ (21%) ਜਾਂ 16 ਕਿਲੋ ਜ਼ਿੰਕ ਸਲਫੇਟ (33%) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ । ਜੇਕਰ ਹਰੀ ਖਾਦ ਲਈ ਢੈਂਚਾ ਬੀਜਿਆ ਹੈ ਤਾਂ ਇਸ ਨੂੰ ਕੱਦੂ ਕਰਨ ਸਮੇਂ ਖੇਤ ਵਿੱਚ ਵਾਹ ਦਿਉ । ਜੇਕਰ ਹਰੀ ਖਾਦ ਦੀ ਵਰਤੋਂ ਕਰਨੀ ਹੋਵੇ ਤਾਂ ਪਨੀਰੀ ਲਗਾਉਣ ਤੋਂ ਇੱਕ ਦਿਨ ਪਹਿਲਾਂ ਹਰੀ ਖਾਦ ਦੀ ਫਸਲ ਖੇਤ ਵਿੱਚ ਦਬਾ ਦਿਉ । ਨਦੀਨਾਂ ਦੀ ਰੋਕਥਾਮ ਲਈ 45 ਗ੍ਰਾਮ ਟੋਪਸਟਾਰ 80 ਤਾਕਤ ਜਾਂ 60 ਗ੍ਰਾਮ ਸਾਥੀ (ਪਾਈਰੈਜ਼ੋਸਲਫੂਰਾਨ ਈਥਾਈਲ) 10 ਤਾਕਤ ਜਾਂ 1200 ਮਿਲੀਲਿਟਰ ਕੋਈ ਵੀ ਸਿਫਾਰਿਸ਼ ਕੀਤੀ ਨਦੀਨਨਾਸ਼ਕ ਬੂਟਾਕਲੋਰ 50 ਤਾਕਤ ਜਾਂ 500 ਮਿਲੀਲਿਟਰ ਅਨੀਲੋਫਾਸ 30 ਤਾਕਤ ਜਾਂ ਪਰੀਟੀਲਾਕਲੋਰ 50 ਤਾਕਤ ਜਾਂ 600 ਮਿਲੀਲਿਟਰ ਜਾਂ ਪਰੀਟੀਲਾਕਲੋਰ 37 ਈ ਡਬਲਯੂ 750 ਮਿਲੀਲਿਟਰ ਜਾਂ ਸਟੌਂਪ 30 ਤਾਕਤ 1000-1200 ਮਿਲੀਲਿਟਰ ਪ੍ਰਤੀ ਏਕੜ ਨੂੰ 60 ਕਿਲੋ ਰੇਤ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋ । ਪਨੀਰੀ ਪੁੱਟ ਕੇ ਖੇਤ ਵਿੱਚ ਲਾਉਣ ਤੋਂ ਦੋ-ਤਿੰਨ ਦਿਨਾਂ ਦੇ ਵਿੱਚ ਖੜ੍ਹੇ ਪਾਣੀ ਵਿੱਚ ਇਨ੍ਹਾਂ ਵਿੱਚੋਂ ਕੋਈ ਇੱਕ ਨਦੀਨਨਾਸ਼ਕ ਦਾ ਇਕਸਾਰ ਛੱਟਾ ਦਿਉ ।

ਪੰਜਾਬ ਬਾਸਮਤੀ-7, ਪੰਜਾਬ ਬਾਸਮਤੀ-5, ਪੂਸਾ-1121, ਪੂਸਾ ਬਾਸਮਤੀ-1847 ਅਤੇ ਪੂਸਾ ਬਾਸਮਤੀ 1718 ਦੀ ਪਨੀਰੀ ਜੂਨ ਦੇ ਪਹਿਲੇ ਪੰਦਰਵਾੜੇ ਵਿੱਚ ਬੀਜੋ । ਸੀ ਐਸ ਆਰ-30 ਅਤੇ ਪੂਸਾ ਬਾਸਮਤੀ-1509 ਦੀ ਪਨੀਰੀ ਜੂਨ ਦੇ ਦੂਸਰੇ ਪੰਦਰਵਾੜੇ ਵਿੱਚ ਹੀ ਬੀਜੋ । ਬਾਸਮਤੀ ਕਿਸਮਾਂ ਨੂੰ ਬੀਜ ਰਾਹੀਂ ਲੱਗਣ ਵਾਲੀਆਂ ਬਿਮਾਰੀਆਂ (ਝੰਡਾ ਰੋਗ) ਤੋਂ ਬਚਾਉਣ ਲਈ 3 ਗ੍ਰਾਮ ਸਪਰਿੰਟ ਨੂੰ 10-12 ਮਿ. ਲਿ. ਪਾਣੀ ਵਿਚ ਘੋਲ ਕੇ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਕੇ ਬੀਜੋ ।

**ਮੱਕੀ** : ਨੀਮ ਪਹਾੜੀ ਇਲਾਕਿਆਂ ਵਿੱਚ ਇਸ ਮਹੀਨੇ ਦੇ ਸ਼ੁਰੂ ਵਿੱਚ ਮੱਕੀ ਦੀ ਬਿਜਾਈ ਸ਼ੁਰੂ ਕਰ ਦਿਉ । ਜੇਕਰ ਨਦੀਨ ਨਾ ਹੋਣ ਤਾਂ ਵਾਹੀ ਤੋਂ ਬਗੈਰ ਵੀ ਬਿਜਾਈ ਕੀਤੀ ਜਾ ਸਕਦੀ ਹੈ । ਨਦੀਨਾਂ ਦੀ ਰੋਕਥਾਮ ਲਈ ਐਟਰਾਟਾਫ 50 ਘੁਲਣਸ਼ੀਲ (ਐਟਰਾਜ਼ੀਨ) 800 ਗ੍ਰਾਮ ਪ੍ਰਤੀ ਏਕੜ ਨੂੰ ਭਾਰੀਆਂ ਜ਼ਮੀਨਾਂ ਲਈ ਅਤੇ 500 ਗ੍ਰਾਮ ਨੂੰ ਹਲਕੀਆਂ ਜ਼ਮੀਨਾਂ ਲਈ ਬਿਜਾਈ ਦੇ 10 ਦਿਨ ਅੰਦਰ ਵਰਤੋ । ਮੱਕੀ ਨੂੰ ਖਾਲੀਆਂ ਵਿੱਚ ਹੀ ਬੀਜਿਆ ਜਾ ਸਕਦਾ ਹੈ । ਇਸ ਨਾਲ ਸਿੰਚਾਈ ਵਾਲਾ ਪਾਣੀ ਵੀ ਬਚੇਗਾ ਅਤੇ ਫਸਲ ਵੀ ਨਹੀਂ ਡਿੱਗੇਗੀ । ਜੇਕਰ ਮੱਕੀ, ਕਣਕ ਤੋਂ ਬਾਅਦ ਬੀਜਣੀ ਹੋਵੇ ਜਿਸਨੂੰ

ਬਾਕੀ ਸਫਾ 10 'ਤੇ



# ਪਾਣੀ ਬਚਾਉਣ ਦੇ ਪ੍ਰਾਚੀਨ ਤੌਰ-ਤਰੀਕਿਆਂ ਨੂੰ ਮੁੜ-ਸੁਰਜੀਤ ਕਰਨਾ

ਮੈਂ ਅਕਸਰ ਸੋਸ਼ਲ ਮੀਡੀਆ ਨਹੀਂ ਦੇਖਦੀ ਹਾਂ। ਬਹੁਤ ਸਮਾਂ ਖਪਾਊ ਹੈ ਪਰ ਕਦੇ-ਕਦੇ ਉਨ੍ਹਾਂ ਚੀਜ਼ਾਂ 'ਤੇ ਨਜ਼ਰ ਪੈ ਜਾਂਦੀ ਹੈ ਕਿ ਤੁਹਾਨੂੰ ਸ਼ੇਅਰ ਕਰਨਾ ਵੀ ਚੰਗਾ ਲੱਗਦਾ ਹੈ। ਇਕ ਵੀਡੀਓ ਦੇਖਿਆ, ਜਿਸ 'ਚ ਗਲਹਿਰੀ ਇਕ ਆਦਮੀ ਦਾ ਪਿੱਛਾ ਕਰ ਰਹੀ ਸੀ। ਉਹ ਵਾਰ-ਵਾਰ ਉਸ ਦੀ ਪੈਂਟ 'ਤੇ ਪੰਜੇ ਮਾਰਦੀ। ਆਦਮੀ ਰੁੱਕ ਗਿਆ ਉਸਦੀ ਸਮਝ 'ਚ ਆਇਆ। ਉਸ ਦੇ ਹੱਥ 'ਚ ਫੜੀ ਪਾਣੀ ਦੀ ਬੋਤਲ ਖੋਲ੍ਹੀ ਅਤੇ ਗਲਹਿਰੀ ਦੇ ਮੂੰਹ 'ਤੇ ਲਗਾ ਦਿੱਤੀ।

ਗਲਹਿਰੀ ਪਾਣੀ ਪੀਣ ਲੱਗੀ, ਪੀਂਦੀ ਹੀ ਗਈ। ਪਤਾ ਨਹੀਂ ਕਦੋਂ ਤੋਂ ਪਿਆਸੀ ਸੀ। ਹਾਲਾਂਕਿ ਬੋਤਲ 'ਚੋਂ ਪਾਣੀ ਪੀਣ 'ਚ ਉਸ ਨੂੰ ਦਿੱਕਤ ਆ ਰਹੀ ਸੀ। ਦੂਜੀ ਵੀਡੀਓ 'ਚ ਇਕ ਪੁਲਸ ਵਾਲਾ ਬੇਹੋਸ਼ ਕਾਂ ਦੇ ਦਿਲ 'ਤੇ ਮਾਲਿਸ਼ ਕਰ ਕੇ ਉਸ ਨੂੰ ਹੋਸ਼ 'ਚ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਦੇ ਉਪਰ ਪਾਣੀ ਦੇ ਛਿੱਟੇ ਮਾਰ ਰਿਹਾ ਸੀ ਅਤੇ ਕਾਂ ਬਚ ਗਿਆ ਸੀ।

ਗਰਮੀਆਂ ਦਾ ਮੌਸਮ ਹੈ। ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਖ਼ਬਰਾਂ ਆਉਂਦੀਆਂ ਹਨ ਕਿ ਪੀਣ ਲਾਈਕ ਪਾਣੀ ਦੀ ਬੇਹੱਦ ਕਮੀ ਹੈ। ਜਦੋਂ ਆਦਮੀਆਂ ਲਈ ਪਾਣੀ ਹੀ ਨਹੀਂ ਤਾਂ ਜਾਨਵਰਾਂ, ਪੰਛੀਆਂ ਅਤੇ ਫਸਲਾਂ ਦੀ ਪਰਵਾਹ ਕੌਣ ਕਰੂ।

ਆਪਣੇ ਦੇਸ਼ 'ਚ ਨਦੀਆਂ ਦਾ ਪਾਣੀ ਈ-ਲੈਵਲ ਦਾ ਵੀ ਨਹੀਂ ਹੈ। ਭਾਵ ਆਦਮੀਆਂ, ਜਾਨਵਰਾਂ ਦੇ ਪੀਣ ਲਾਈਕ ਤਾਂ ਕੀ ਨਹਾਉਣ ਤੱਕ ਲਈ ਠੀਕ ਨਹੀਂ। ਅਖੀਰ ਇਨ੍ਹਾਂ ਨਦੀਆਂ ਦਾ ਇਹ ਹਾਲ ਕਿਵੇਂ ਹੋਇਆ। ਜਿਨ੍ਹਾਂ ਨੂੰ ਅਸੀਂ ਦੇਵੀ ਮੰਨਦੇ ਹਾਂ, ਉਨ੍ਹਾਂ ਨੂੰ ਇੰਨਾ ਪ੍ਰਦੂਸ਼ਿਤ ਕਰਨ ਬਾਰੇ 'ਚ ਕਿਵੇਂ ਸੋਚਿਆ।

ਇਕ ਅਸਰੇ ਤੋਂ ਕਿਹਾ ਜਾ ਰਿਹਾ ਹੈ ਕਿ ਜੇਕਰ ਕਦੇ ਤੀਜਾ ਵਿਸ਼ਵ ਯੁੱਧ ਹੋਇਆ ਤਾਂ ਪਾਣੀ ਦੇ ਕਾਰਨ ਹੋਵੇਗਾ। ਪੱਛਮੀ ਦੇਸ਼ਾਂ 'ਚ ਲੋਕ ਨਦੀਆਂ ਨੂੰ ਦੇਵੀ ਨਹੀਂ ਮੰਨਦੇ ਪਰ ਉਹ ਆਪਣੇ ਜਲ ਸਰੋਤਾਂ ਦੀ ਪੂਰੀ ਦੇਖਭਾਲ ਕਰਦੇ ਹਨ। ਸ਼ਹਿਰ ਦੇ ਵਿੱਚੋਂ-ਵਿਚ ਵਹਿਣ ਵਾਲੀਆਂ ਨਦੀਆਂ ਦੀ ਇੰਨੀਆਂ ਸਾਫ-ਸੁੱਥਰੀਆਂ ਹਨ ਕਿ ਤੁਸੀਂ ਉਪਰ ਖੜ੍ਹੇ ਹੋ ਕੇ ਉਨ੍ਹਾਂ ਦੇ ਤਲ ਨੂੰ ਦੇਖ ਸਕਦੇ ਹੋ। ਮੱਛੀਆਂ ਦੀਆਂ ਅਠਖੇਲੀਆਂ ਦਾ ਆਨੰਦ ਉਠਾ ਸਕਦੇ ਹੋ।

ਸਵਿਟਜ਼ਰਲੈਂਡ 'ਚ ਸਰਕਾਰ ਨੇ ਆਪਣੇ ਪਾਣੀ ਦਾ ਬਿਹਤਰੀਨ ਇੰਤਜ਼ਾਮ ਕਰ ਰੱਖਿਆ ਹੈ ਪਰ ਆਪਣੇ ਦੇਸ਼ 'ਚ ਇੱਧਰ ਬਾਰਿਸ਼ ਹੋਈ, ਉੱਧਰ ਸੜਕਾਂ ਫਿਰ ਪਹਿਲੇ ਦੀ ਤਰ੍ਹਾਂ। ਉਹ ਬੂੰਦ-ਬੂੰਦ ਬਚਾਉਂਦੇ ਹਨ। ਉਨ੍ਹਾਂ ਦੇ ਬਾਰੇ 'ਚ ਇਕ ਰਿਪੋਰਟ ਪੜ੍ਹ ਰਹੀ ਸੀ, ਜਿਸ 'ਚ ਦੱਸਿਆ ਸੀ ਕਿ ਅਜੇ ਉਨ੍ਹਾਂ ਨੇ ਭਵਿੱਖ ਦੇ 80 ਸਾਲ ਦੇ ਲਈ ਪਾਣੀ ਨੂੰ ਬਚਾਉਣ ਦੀਆਂ ਯੋਜਨਾਵਾਂ ਬਣਾਈਆਂ ਹੋਈਆਂ ਹਨ। ਉਹ ਸਿਰਫ ਯੋਜਨਾਵਾਂ ਹੀ ਨਹੀਂ ਬਣਾਉਂਦੇ, ਉਨ੍ਹਾਂ ਨੂੰ ਲਾਗੂ ਵੀ ਕਰਦੇ ਹਨ। ਇਸ ਦੇ ਮੁਕਾਬਲੇ ਆਪਣੇ ਦੇਸ਼ 'ਚ ਦੇਖੋ। ਦਿੱਲੀ ਨਗਰ 'ਚ ਬਾਰਿਸ਼ ਦੇ ਬਾਅਦ ਜਲ ਪਰਲੋ ਜਿਹੀ ਆ ਜਾਂਦੀ ਹੈ। ਸੜਕਾਂ 'ਤੇ ਇੰਨਾ ਪਾਣੀ ਭਰ ਜਾਂਦਾ ਹੈ ਕਿ ਟ੍ਰੈਫਿਕ ਜਾਮ ਹੋ ਜਾਂਦਾ ਹੈ।

ਅਜਿਹਾ ਕਿਉਂ ਨਹੀਂ ਹੋ ਸਕਦਾ ਕਿ ਬਾਰਿਸ਼ ਤੋਂ ਪਹਿਲਾਂ ਹੀ ਅਸੀਂ ਇਸ ਤਰ੍ਹਾਂ ਦੇ ਪਾਣੀ ਨੂੰ ਸੁਰੱਖਿਅਤ ਕਰਨ 'ਤੇ ਵਿਚਾਰ



ਸ਼ਮਾ ਸ਼ਰਮਾ

ਕਰੀਏ। ਮੀਂਹ ਦੇ ਪਾਣੀ ਦੀ ਸੰਭਾਲ ਦੀਆਂ ਸਿਰਫ ਗੱਲਾਂ ਹੀ ਨਾ ਰਹਿ ਜਾਣ। ਗਰਮੀਆਂ ਦੇ ਦਿਨਾਂ 'ਚ ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਤੋਂ ਪਾਣੀ ਦੀ ਕਮੀ ਦੀਆਂ ਖ਼ਬਰਾਂ ਆਉਂਦੀਆਂ ਹਨ। ਕਈ ਜਗ੍ਹਾ 'ਤੇ ਤਾਂ ਨਦੀਆਂ ਹੋਣ ਦੇ ਬਾਵਜੂਦ ਟੈਂਕਰਾਂ ਰਾਹੀਂ ਪਾਣੀ ਪਹੁੰਚਾਉਣਾ ਪੈਂਦਾ ਹੈ।

ਨਦੀਆਂ ਦੀ ਸਫਾਈ ਦੇ ਅਕਸਰ ਪ੍ਰਣ ਲਏ ਜਾਂਦੇ ਹਨ ਪਰ ਅਰਬਾਂ-ਖਰਬਾਂ ਖਰਚ ਹੋਣ ਦੇ ਬਾਵਜੂਦ ਨਦੀਆਂ ਸਾਫ ਨਹੀਂ ਹੁੰਦੀਆਂ। ਆਖਿਰ ਕਿਉਂ ? ਸਾਲਾਂ ਪਹਿਲਾਂ ਯਮੁਨਾ ਦੇ ਬਾਰੇ 'ਚ ਪੜ੍ਹਿਆ ਸੀ, ਹੁਣ ਤੱਕ ਉਸ ਦੀ ਸਫਾਈ ਦੀਆਂ 100 ਯੋਜਨਾਵਾਂ ਬਣਾਈਆਂ ਜਾ ਚੁੱਕੀਆਂ ਹਨ, ਅਰਬਾਂ ਖਰਚ ਹੋ ਚੁੱਕਾ ਹੈ ਪਰ ਯਮੁਨਾ ਦੇ ਕੋਲੋਂ ਲੰਘੀਏ ਤਾਂ ਅਜਿਹਾ ਲੱਗਦਾ ਹੈ ਕਿ ਗੰਦੇ ਨਾਲੇ ਦੇ ਕੋਲੋਂ ਲੰਘ ਰਹੇ ਹਾਂ।

ਆਪਣੇ ਦੇਸ਼ 'ਚ ਲੋਕ ਪਾਣੀ ਸਟੋਰੇਜ ਅਤੇ ਉਸ ਦੀ ਸੁਰੱਖਿਆ ਕਰਨ ਬਾਰੇ ਨਹੀਂ ਜਾਣਦੇ, ਅਜਿਹਾ ਨਹੀਂ ਹੈ। ਮਸ਼ਹੂਰ ਲੇਖਕ ਅਨੁਪਮ ਮਿਸ਼ਰ ਨੇ ਰਾਜਸਥਾਨ 'ਚ ਪਾਣੀ ਮੈਨੇਜਮੈਂਟ ਬਾਰੇ 2 ਬੇਹੱਦ ਚੰਗੀਆਂ ਕਿਤਾਬਾਂ ਲਿਖੀਆਂ ਹਨ- 'ਆਜ ਭੀ ਖਰੇ ਹੈਂ ਤਾਲਾਬ' ਅਤੇ 'ਰਾਜਸਥਾਨ ਦੀ ਰਜਤ ਬੂੰਦੇ'। ਇੱਥੇ ਦੱਸ ਦਈਏ ਕਿ ਦੇਸ਼ 'ਚ ਰਾਜਸਥਾਨ 'ਚ ਸਭ ਤੋਂ ਘੱਟ ਵਰਖਾ ਹੁੰਦੀ ਹੈ ਪਰ ਘਰਾਂ 'ਚ ਅਕਸਰ ਪਾਣੀ ਦੀ ਕਮੀ ਨਹੀਂ ਹੁੰਦੀ। ਲੋਕ ਬਾਰਿਸ਼ ਦੀ ਇਕ-ਇਕ ਬੂੰਦ ਨੂੰ ਆਪਣੇ ਇੱਥੇ ਸੁਰੱਖਿਅਤ ਕਰ ਲੈਂਦੇ ਹਨ। ਜਿੱਥੇਂ ਵੀ ਪਾਣੀ ਵਹਿੰਦਾ ਹੈ, ਉੱਥੇ ਅਜਿਹੀਆਂ ਕੰਡੀਆਂ ਬਣਾਈਆਂ ਜਾਂਦੀਆਂ ਹਨ, ਜਿਨ੍ਹਾਂ 'ਚ ਪਾਣੀ ਇਕੱਠਾ ਹੋ ਜਾਂਦਾ ਹੈ। ਇਸ ਦੇ ਇਲਾਵਾ ਹੋਰ ਵੀ ਬਹੁਤ ਸਾਰੇ ਤਰੀਕੇ ਦੱਸੇ ਹਨ। ਜੇਕਰ ਤੁਹਾਨੂੰ ਕੁੱਝ ਦਹਾਕੇ ਪਹਿਲਾਂ ਪਿੰਡਾਂ ਦਾ ਜੀਵਨ ਯਾਦ ਹੋਵੇ, ਤਾਂ ਉੱਥੇ ਹਰ ਪਿੰਡ 'ਚ ਇਕ ਪੂਲ ਹੁੰਦਾ ਸੀ। ਉਸ 'ਚ ਪਿੰਡ ਦਾ ਪਾਣੀ ਇਕੱਠਾ ਹੋ ਜਾਂਦਾ ਸੀ। ਇਸ ਨਾਲ ਭੂ-ਗਰਭ ਜਲ ਵੀ ਹੇਠਾਂ ਨਹੀਂ ਜਾਂਦਾ ਸੀ। ਪਸ਼ੂਆਂ, ਪੰਛੀਆਂ ਦੇ ਪਾਣੀ ਦੀ ਕਮੀ ਨਹੀਂ ਹੁੰਦੀ ਸੀ। ਬਹੁਤ ਸਾਰੇ ਖੂਹ ਹੁੰਦੇ ਸਨ। ਜਿੱਥੇ ਲੋਕ ਨਾ ਸਿਰਫ ਨਹਾਉਂਦੇ ਸਨ ਸਗੋਂ ਘਰ ਦੀ ਵਰਤੋਂ ਲਈ ਪਾਣੀ ਲੈ ਆਉਂਦੇ ਸਨ ਪਰ ਇਹ ਸਭ ਕੰਮ ਮਿਹਨਤ ਮੰਗਦੇ ਸਨ।

ਪਹਾੜਾਂ 'ਚ ਵੀ ਪਾਣੀ ਪ੍ਰਬੰਧ ਕਰਨ ਲਈ ਬਹੁਤ ਸਾਰੇ ਤਰੀਕੇ ਮੌਜੂਦ ਹਨ। ਜਿੱਥੇ ਪਾਣੀ ਵਹਿ ਕੇ ਆਉਂਦਾ ਹੈ, ਉੱਥੇ ਉਸ ਨੂੰ ਇਕੱਠਾ ਕਰਨ ਲਈ ਤਰ੍ਹਾਂ-ਤਰ੍ਹਾਂ ਦੇ ਉਪਾਅ ਕੀਤੇ ਜਾਂਦੇ ਹਨ ਪਰ ਇਨ੍ਹੀਂ ਦਿਨੀਂ ਪਾਣੀ ਦੀ ਘਾਟ ਮਹਿਸੂਸ ਕੀਤੀ ਜਾਂਦੀ ਹੈ। ਉੱਤਰਾਖੰਡ 'ਚ ਦੁਧਾਤੋਲੀ ਪਿੰਡ ਦੇ ਕੋਲ ਇਕ ਮਾਸਟਰ ਸਚਿਦਾਨੰਦ ਨੇ ਆਸ ਪਾਸ ਦੇ ਪਿੰਡਾਂ 'ਚ ਪਾਣੀ ਬਚਾਉਣ ਦੇ ਪ੍ਰਾਚੀਨ ਤੌਰ 'ਤੇ ਤਰੀਕਿਆਂ ਨੂੰ ਦੁਬਾਰਾ ਜੀਵਤ ਕੀਤਾ ਹੈ।

ਇਹ ਵੀ ਕੋਈ ਕੰਮ ਦਿਲਚਸਪ ਨਹੀਂ ਕਿ ਜਦੋਂ ਤੋਂ ਸਰਕਾਰਾਂ ਨੇ ਪਾਣੀ ਦੀ ਮੈਨੇਜਮੈਂਟ ਨੂੰ ਆਪਣੇ ਹੱਥ 'ਚ ਲਿਆ ਹੈ, ਲੋਕਾਂ ਨੇ ਪਾਣੀ ਵਲੋਂ ਮੂੰਹ ਮੋੜ ਲਿਆ ਹੈ ਪਰ ਕੋਈ ਚਾਹੇ ਤਾਂ ਸਚਿਦਾਨੰਦ ਵਰਗੇ ਲੋਕਾਂ ਨੂੰ ਸ਼ਾਮਲ ਕਰ ਕੇ ਬਹੁਤ ਕੁਝ ਕਰ ਸਕਦਾ ਹੈ।

# ਖਾਣ-ਪੀਣ ਵਾਲੀਆਂ ਵਸਤਾਂ 'ਚ ਮਿਲਾਵਟ ਦਾ ਖਤਰਾ - ਇਸ ਨਾਲ ਕਿਵੇਂ ਨਜਿੱਠੀਏ

ਰਿਤੁਪਰਨਾ ਪਾਟਗਿਰੀ

ਭੋਜਨ ਸਾਡੇ ਸਮਾਜਿਕ ਅਤੇ ਸਭਿੱਆਚਾਰਕ ਜੀਵਨ ਦਾ ਸਭ ਤੋਂ ਅਹਿਮ ਪੱਖ ਹੈ ਅਤੇ। ਨੀਤੀਆਂ ਨੂੰ ਨਿਰਧਾਰਿਤ ਕਰਨ 'ਚ ਸਰਕਾਰ ਅਤੇ ਸਮਾਜ ਦੋਵੇਂ ਹੀ ਅਹਿਮ ਭੂਮਿਕਾ ਨਿਭਾਉਂਦੇ ਹਨ। ਸਕੂਲਾਂ ਵਿਚ ਮਿਡ-ਡੇਲ ਮੀਲ ਤੋਂ ਲੈ ਕੇ ਸਰਕਾਰੀ ਸਪਾਂਸਰ ਸਮਾਰੋਹਾਂ ਤੱਕ, ਭੋਜਨ ਨਾਲ ਜੁੜੇ ਫੈਸਲੇ ਅਕਸਰ ਪਾਲਣ-ਪੋਸ਼ਣ ਸਬੰਧੀ ਲੋੜਾਂ ਦੀ ਬਜਾਏ ਸਮਾਜਿਕ ਅਤੇ ਸਿਆਸੀ ਅਦਾਰਿਆਂ ਵਲੋਂ ਸੰਚਾਲਿਤ ਹੁੰਦੇ ਹਨ। ਵਧੇਰੇ ਮਾਮਲਿਆਂ ਵਿਚ, ਸਿਹਤ ਦਾ ਸਵਾਲ ਅਕਸਰ ਪਿੱਛੇ ਰਹਿ ਜਾਂਦਾ ਹੈ।

ਕੁਝ ਸਮਾਂ ਪਹਿਲਾਂ ਹੋਏ ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ (ਐੱਨ. ਐੱਫ. ਐੱਚ. ਐੱਸ-5ਏ 2019-21) ਅਨੁਸਾਰ, 5 ਸਾਲ ਤੋਂ ਉਮਰ ਦੇ ਬੱਚਿਆਂ ਵਿਚ ਬੌਲੇਪਨ ਦੀ ਦਰ 35.5 ਫੀਸਦੀ, ਕਮਜ਼ੋਰੀ ਦੀ ਦਰ 19.3 ਫੀਸਦੀ ਅਤੇ ਘੱਟ ਭਾਰ ਦੀ ਮੌਜੂਦਗੀ 32.1 ਫੀਸਦੀ ਹੈ। ਅਜਿਹੇ ਸਬੂਤਾਂ ਦੇ ਬਾਵਜੂਦ, ਪਾਲਣ-ਪੋਸ਼ਣ ਅਤੇ ਜਨਤਕ ਸਿਹਤ ਨੂੰ ਬੇਧਿਆਨ ਕੀਤਾ ਜਾਂਦਾ ਹੈ। ਭੋਜਨ ਦੀ ਗੁਣਵੱਤਾ ਬਾਰੇ ਪੀਣ ਵਾਲੀਆਂ ਵਸਤਾਂ ਵਿਚ ਮਿਲਾਵਟ ਨੂੰ ਲੈ ਕੇ ਕੋਈ ਗੁੱਸਾ ਕਿਉਂ ਨਹੀਂ ਹੈ ਜੋ ਜਨਤਕ ਸਿਹਤ ਲਈ ਇਕ ਗੰਭੀਰ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ।

1990 ਦੇ ਦਹਾਕੇ ਵਿੱਚ ਮਿਲਾਵਟੀ ਦੁੱਧ ਬਾਰੇ ਕਹਾਣੀਆਂ ਸੁਣਨਾਂ ਆਮ ਗੱਲ ਸੀ। 2025 ਵਿਚ ਖਾਣ-ਪੀਣ ਵਾਲੀਆਂ ਵਸਤਾਂ ਵਿਚ ਮਿਲਾਵਟ ਦੀ ਸਮੱਸਿਆ ਬਣੀ ਹੋਈ ਹੈ ਉਦਾਹਰਣ ਲਈ 2011 ਵਿੱਚ ਦੁੱਧ ਵਿੱਚ ਮਿਲਾਵਟ 'ਤੇ ਕੌਮੀ ਸਰਵੇਖਣ ਤੋਂ ਪਤਾ ਲੱਗਾ ਕਿ ਭਾਰਤ ਵਿੱਚ ਜਾਂਚੇ ਗਏ ਦੁੱਧ ਦੇ 70 ਫੀਸਦੀ ਨਮੂਨੇ ਖੁਰਾਕੀ ਸੁਰੱਖਿਆ ਦੇ ਪੱਧਰ 'ਤੇ ਖਰੇ ਨਹੀਂ ਉਤਰੇ। ਦੁੱਧ ਵਿੱਚ ਪਾਣੀ ਦੀ ਮੁੱਖ ਰੂਪ ਵਿੱਚ ਮਿਲਾਵਟ ਕੀਤੀ ਜਾਂਦੀ ਹੈ। ਹੋਰਨਾਂ ਮਿਲਾਵਟਾਂ ਵਿੱਚ ਲੂਣ, ਡਿਟਰਜੈਂਟ ਅਤੇ ਗੁਲੂਕੋਜ਼ ਸ਼ਾਮਲ ਹਨ।

ਪਿਛਲੇ ਕੁਝ ਦਿਨਾਂ ਦੌਰਾਨ ਪਨੀਰ, ਤਰਬੂਜ਼, ਮਸਾਲਿਆਂ ਆਦਿ ਵਰਗੀਆਂ ਰੋਜ਼ਾਨਾ ਦੀ ਵਰਤੋਂ ਵਾਲੀਆਂ ਕਈ ਹੋਰ ਵਸਤਾਂ ਵਿੱਚ ਖੁਰਾਕੀ ਮਿਲਾਵਟ ਬਾਰੇ ਚਿੰਤਾਜਨਕ ਰਿਪੋਰਟਾਂ ਆਈਆਂ ਹਨ। ਦਿੱਲੀ, ਮੁੰਬਈ, ਨੋਇਡਾ ਵਰਗੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਆਈਆਂ ਰਿਪੋਰਟਾਂ ਤੋਂ ਪਤਾ ਲੱਗਦਾ ਹੈ ਕਿ ਬਾਜ਼ਾਰ 'ਨਕਲੀ ਪਨੀਰ' ਨਾਲ ਭਰੇ ਪਏ ਹਨ। ਸਭ ਤੋਂ ਆਮ ਮਿਲਾਵਟ ਵਿੱਚ ਸਟਾਰਚ, ਡਿਟਰਜੈਂਟ, ਸਿੰਥੈਟਿਕ ਦੁੱਧ, ਐਸੇਟਿਕ ਐਸਿਡ ਆਦਿ ਸ਼ਾਮਲ ਹਨ। ਮਿਲਾਵਟੀ ਖਾਣ-ਪੀਣ ਵਾਲੀਆਂ ਵਸਤਾਂ ਦੀ ਵਰਤੋਂ ਕਰਨ ਨਾਲ ਸਿਹਤ ਸਬੰਧੀ ਗੰਭੀਰ ਨਤੀਜੇ ਨਿਕਲ ਸਕਦੇ ਹਨ, ਜਿਨ੍ਹਾਂ ਵਿੱਚ ਫੂਡ ਪੁਆਇਜ਼ਨਿੰਗ ਆਦਿ ਸ਼ਾਮਲ ਹਨ। ਕਈ ਵਾਰ ਇਸ ਕਾਰਨ ਮੌਤ ਵੀ ਹੋ ਜਾਂਦੀ ਹੈ।

ਮਿਲਾਵਟੀ ਖਾਣ-ਪੀਣ ਵਾਲੀਆਂ ਵਸਤਾਂ ਦੀ ਵਰਤੋਂ ਅਜਿਹੇ ਦੇਸ਼ ਵਿੱਚ ਖਤਰੇ ਦੀ ਘੰਟੀ ਵਜਾ ਸਕਦੀ ਹੈ ਜੋ ਇਨਫੈਕਸ਼ਨ ਅਤੇ ਗੈਰ-ਇਨਫੈਕਟਿਡ ਦੋਹਾਂ ਤਰ੍ਹਾਂ ਦੀਆਂ ਸਿਹਤ ਸੰਬੰਧੀ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਭਾਰਤ ਨੂੰ ਅਕਸਰ ਦੁਨੀਆਂ ਦੀ ਸ਼ੂਗਰ ਰਾਜਧਾਨੀ ਵਜੋਂ ਜਾਣਿਆਂ ਜਾਂਦਾ ਹੈ। ਇੱਥੇ 18 ਸਾਲ ਤੋਂ ਵੱਧ ਉਮਰ ਦੇ ਲਗਭਗ 77 ਮਿਲੀਅਨ ਲੋਕ ਇਸ ਗੈਰ-ਇਨਫੈਕਟਿਡ ਬੀਮਾਰੀ ਤੋਂ ਪੀੜਤ ਹਨ। ਭਾਰਤੀ ਮੈਡੀਕਲ ਖੋਜ ਕੌਂਸਲ ਅਤੇ ਮਦਰਾਸ ਸ਼ੂਗਰ ਖੋਜ ਫਾਊਂਡੇਸ਼ਨ ਚੇਨਈ ਵਲੋਂ ਕੁਝ ਦਿਨ ਪਹਿਲਾਂ ਕੀਤੇ ਗਏ ਅਧਿਐਨ ਵਿੱਚ ਇਸ ਦਾ ਕਾਰਨ ਭਾਰਤੀਆਂ ਵਲੋਂ ਵਰਤੇ ਜਾਣ ਵਾਲੇ ਭੋਜਨ ਨੂੰ ਦੱਸਿਆ ਗਿਆ ਹੈ।

ਸ਼ੂਗਰ ਦੇ ਰੋਗੀਆਂ ਦੀ ਵਧੇਰੇ ਗਿਣਤੀ ਤਲੀਆਂ ਹੋਈਆਂ ਅਤੇ ਵਧੇਰੇ ਪ੍ਰੋਸੈਸਡ ਕੀਤੀਆ ਖਾਣ-ਪੀਣ ਵਾਲੀਆਂ ਵਸਤਾਂ ਨਾਲ ਜੁੜੀ ਹੋਈ ਹੈ। ਘੱਟ ਗੁਣਵੱਤਾ ਵਾਲੇ ਤੇਲਾਂ ਦੀ ਵਰਤੋਂ ਇਕ ਹੋਰ ਕਾਰਨ ਹੈ। ਦੇਸ਼ ਵਿੱਚ ਸਭ ਤੋਂ ਵੱਧ ਮਿਲਾਵਟੀ ਖਾਣ-ਪੀਣ ਵਾਲੀਆਂ ਵਸਤਾਂ ਵਿੱਚ ਖਾਣ ਵਾਲੇ ਤੇਲ ਵੀ ਸ਼ਾਮਲ ਹਨ। ਸਰ੍ਹੋਂ ਦੇ ਤੇਲ ਵਿੱਚ ਚੌਲ ਦੀ ਫਕ ਦਾ ਤੇਲ, ਆਰਗੇਮੋਨ ਤੇਲ ਅਤੇ ਨਕਲੀ ਐਲਿਲ ਆਈਸੋਥਿਓਸਾਈਨੇਟ ਵਰਗੀ ਮਿਲਾਵਟ ਕੀਤੀ ਜਾਂਦੀ ਹੈ।

ਮਸਾਲਿਆਂ ਵਿੱਚ ਮਿਲਾਵਟ ਦਾ ਮਾਮਲਾ ਹੋਰ ਵੀ ਹੈਰਾਨ ਕਰਨ ਵਾਲਾ ਹੈ। ਅਪ੍ਰੈਲ 2024 ਵਿੱਚ ਹਾਂਗਕਾਂਗ ਨੇ ਕੈਂਸਰ ਪੈਦਾ ਕਰਨ ਵਾਲੇ ਕੀਟਨਾਸ਼ਕ ਐਥੀਲੀਨ ਆਕਸਾਈਡ ਦੀ ਵੱਡੀ ਮਾਤਰਾ ਦੀ ਮੌਜੂਦਗੀ ਕਾਰਨ ਕੁਝ ਮਸਾਲਿਆਂ ਦੀ ਵਿਕਰੀ ਨੂੰ ਮੁਅੱਤਲ ਕਰਾ ਦਿੱਤਾ ਸੀ। ਭਾਰਤ ਵਿੱਚ ਬਣੇ ਮਸਾਲੇ, ਜਿਸ ਨੂੰ ਪ੍ਰਮੁੱਖ ਬਰਾਮਦ ਹੋਣ ਵਾਲੇ ਮਸਾਲਿਆਂ ਵਿੱਚ ਇਕ ਮੰਨਿਆ ਜਾਂਦਾ ਹੈ, ਸਮੁੱਚੀ ਦੁਨੀਆਂ ਵਿੱਚ ਵੱਡੇ ਪੱਧਰ 'ਤੇ ਵੇਚੇ ਜਾਂਦੇ ਹਨ।

ਸਿਹਤ ਪ੍ਰਭਾਵ ਤੋਂ ਇਲਾਵਾ ਜਦੋਂ ਇਹ ਮਾਮਲੇ ਸਾਹਮਣੇ ਆਉਂਦੇ ਹਨ ਤਾਂ ਦੇਸ਼ ਦੇ ਕੌਮਾਂਤਰੀ ਵੱਕਾਰ ਨੂੰ ਵੀ ਨੁਕਸਾਨ ਪਹੁੰਚਦਾ ਹੈ। ਯੂਰਪੀਅਨ ਯੂਨੀਅਨ ਨੇ ਪਹਿਲਾਂ ਹੀ ਭਾਰਤ ਤੋਂ ਆਉਂਣ ਵਾਲੀ ਮਿਰਚ ਅਤੇ ਕਾਲੀ ਮਿਰਚ ਵਿੱਚ ਐਥੀਲੀਨ ਆਕਸਾਈਡ ਦੀ ਮੌਜੂਦਗੀ ਨੂੰ ਲੈ ਕੇ ਚਿੰਤਾ ਪ੍ਰਗਟਾਈ ਹੈ। ਇਸ ਨੇ 2019 ਅਤੇ 2024 ਦਰਮਿਆਨ ਭਾਰੀ ਮਿਲਾਵਟ ਕਾਰਨ 400 ਵਸਤਾਂ 'ਤੇ ਪਾਬੰਦੀ ਵੀ ਲਾਈ ਹੈ।

ਭਾਰਤੀ ਖੁਰਾਕ ਸੁਰੱਖਿਆ ਅਤੇ ਸਟੈਂਡਰਡ ਅਥਾਰਟੀ ਵਲੋਂ ਛਾਪੇ ਮਾਰੇ ਜਾ ਰਹੇ ਹਨ, ਨਮੂਨਿਆਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਕਈ ਨਿਰਮਾਤਾਵਾਂ ਦੇ ਵਿਨਿਰਮਾਣ ਲਾਇਸੈਂਸ ਰੱਦ ਕੀਤੇ ਗਏ ਹਨ। ਲੋਕਾਂ ਨੂੰ ਮਿਲਾਵਟੀ ਵਸਤਾਂ ਨੂੰ ਖਰੀਦਣ ਤੋਂ ਚੌਕਸ ਰਹਿਣ, ਧਿਆਨ ਨਾਲ ਜਾਂਚ ਕਰਨ ਅਤੇ ਘਰ ਵਿੱਚ ਪਨੀਰ ਵਰਗੀਆਂ ਵਸਤਾਂ ਖਾਣ ਲਈ ਵੀ ਨਿਰਦੇਸ਼ਿਤ ਕੀਤਾਂ ਗਿਆ ਹੈ ਪਰ ਅਜਿਹੇ ਉਪਾਅ ਚੋਖੇ ਨਹੀਂ ਹਨ।

ਇਹ ਕਹਿ ਕੇ ਕਿ ਨਾਗਰਿਕਾਂ ਨੂੰ ਜਾਗਰੂਕ ਹੋਣਾ ਚਾਹੀਦਾ ਹੈ ਅਤੇ ਘਰ ਹੀ ਭੋਜਨ ਕਰਨਾ ਚਾਹੀਦਾ ਹੈ, ਭੋਜਨ ਨੂੰ ਸੁਰੱਖਿਅਤ ਅਤੇ ਸਿਹਤਮੰਦ ਬਣਾਉਣ ਦੀ ਜ਼ਿੰਮੇਵਾਰੀ ਸਰਕਾਰ ਤੋਂ ਵਿਅਕਤੀ ਵਿੱਚ ਤਬਦੀਲ ਕਰ ਦਿੱਤੀ ਜਾਂਦੀ ਹੈ। ਇਹ ਅਜਿਹੇ ਦੇਸ਼ ਵਿੱਚ ਹਾਸਲ ਕਰਨਾ ਖਾਸ ਤੌਰ 'ਤੇ ਔਖਾ ਹੈ ਜਿੱਥੇ ਅਜੇ ਵੀ ਗਰੀਬਾਂ ਅਤੇ ਅਨਪੜ੍ਹ ਲੋਕਾਂ ਦੀ ਵੱਡੀ ਆਬਾਦੀ ਹੈ। ਸਮੱਸਿਆ ਵਧੀਆ ਖੇਤੀਬਾੜੀ, ਪ੍ਰਾਸੈਸਿੰਗ ਅਤੇ ਪੈਕੇਜਿੰਗ ਰਵਾਇਤਾਂ ਦੀ ਮੰਗ ਕਰਦੀ ਹੈ। ਹਰ ਪੱਧਰ 'ਤੇ ਉਤਪਾਦਕਾਂ ਨੂੰ ਸੁਰੱਖਿਅਤ ਖਾਣ-ਪੀਣ ਵਾਲੀਆਂ ਰਵਾਇਤਾਂ ਸਬੰਧ. ਵਧੀਆਂ ਸਿਖਲਾਈ ਅਤੇ ਗਿਆਨ ਦੇਣ ਦੀ ਲੋੜ ਹੈ। ਪੂਰੇ ਭਾਰਤ ਵਿੱਚ ਸਖਤ ਅਮਲ ਯਕੀਨੀ ਕਰਨਾ ਚਾਹੀਦਾ ਹੈ ਕਿਉਂਕਿ ਕਈ ਸੂਬਿਆਂ ਵਿੱਚ ਅਜਿਹਾ ਕਰਨ ਲਈ ਬਨਿਆਦੀ ਢਾਂਚੇ ਨਹੀਂ ਹਨ। ਭੋਜਨ ਵਿੱਚ ਕੀਟਨਾਸ਼ਕਾਂ ਦੇ ਵਧਦੇ ਪੱਧਰ ਨੂੰ ਵੇਖਣ ਅਤੇ ਭੋਜਨ ਦੀ ਗੁਣਵੱਤਾ ਅਤੇ ਸਿਹਤ ਦੇ ਨਾਲ ਇਸ ਸੰਬੰਧ 'ਤੇ ਵਿਚਾਰ ਕਰਨ ਦੀ ਵੀ ਲੋੜ ਹੈ। ਸਾਨੂੰ ਪਾਲਣ-ਪੋਸ਼ਣ ਅਤੇ ਸਿਹਤ ਸੰਬੰਧੀ ਖਤਰਿਆਂ ਨਾਲ ਲੜਨ ਲਈ ਖੁਰਾਕ ਸਾਖਰਤਾ ਦੀ ਧਾਰਨਾ ਨੂੰ ਵਿਕਸਿਤ ਕਰਨਾ ਚਾਹੀਦਾ ਹੈ।

**ਲੇਖਿਕਾ ਆਈ. ਆਈ. ਟੀ. ਗੁਹਾਟੀ ਦੇ ਮਾਨਵਿਕੀ ਅਤੇ ਸਮਾਜਿਕ ਵਿਗਿਆਨ ਵਿਭਾਗ ਵਿੱਚ ਸਮਾਜ ਸ਼ਾਸਤਰ ਪੜ੍ਹਾਉਂਦੀ ਹੈ**

### ਬੈਂਗਣ 'ਤੇ ਕਈ ਪ੍ਰਕਾਰ ਦੇ ਕੀੜੇ-ਮਕੌੜੇ ਹਮਲਾ ਕਰਦੇ ਹਨ

# ਬੈਂਗਣ ਦੇ ਕੀੜੇ-ਮਕੌੜਿਆਂ ਦੀ ਪਛਾਣ ਅਤੇ ਰੋਕਥਾਮ

ਹਰਜੋਤ ਸਿੰਘ ਸੋਹੀ,
ਕ੍ਰਿਸ਼ੀ ਵਿਗਿਆਨ ਕੇਂਦਰ, ਬਰਨਾਲਾ

ਸਬਜ਼ੀਆਂ ਮਨੁੱਖੀ ਭੋਜਨ ਦਾ ਇੱਕ ਮਹੱਤਵਪੂਰਨ ਅੰਗ ਹਨ ਅਤੇ ਵਿਸ਼ਵ ਸਿਹਤ ਸੰਗਠਨ ਦੀ ਇੱਕ ਰਿਪੋਰਟ ਅਨੁਸਾਰ ਨਰੋਈ ਸਿਹਤ ਲਈ ਸਬਜ਼ੀਆਂ ਦੀ ਰੋਜ਼ਾਨਾ ਖਪਤ 300 ਗ੍ਰਾਮ ਪ੍ਰਤੀ ਵਿਅਕਤੀ ਹੋਣੀ ਚਾਹੀਦੀ ਹੈ। ਬੈਂਗਣ ਸਬਜ਼ੀਆਂ ਦੀ ਇੱਕ ਮੁੱਖ ਫ਼ਸਲ ਹੈ ਅਤੇ ਪੰਜਾਬ ਵਿੱਚ ਇਸ ਦੀ ਕਾਸ਼ਤ ਸਾਰਾ ਸਾਲ ਕੀਤੀ ਜਾ ਸਕਦੀ ਹੈ। ਇਸ ਵਿੱਚ ਕਈ ਤਰ੍ਹਾਂ ਦੇ ਖੁਰਾਕੀ ਤੱਤ ਮੌਜੂਦ ਹੁੰਦੇ ਹਨ, ਜਿਨ੍ਹਾਂ



ਵਿੱਚੋਂ ਕੈਲਸ਼ੀਅਮ, ਮੈਗਨੀਸ਼ੀਅਮ, ਫਾਸਫੋਰਸ ਅਤੇ ਲੋਹਾ ਮੁੱਖ ਹਨ। ਪਰ ਬੈਂਗਣ 'ਤੇ ਕਈ ਪ੍ਰਕਾਰ ਦੇ ਕੀੜੇ-ਮਕੌੜੇ ਹਮਲਾ ਕਰਦੇ ਹਨ, ਜਿਸ ਨਾਲ ਫ਼ਸਲ ਦਾ ਕਾਫੀ ਨੁਕਸਾਨ ਹੁੰਦਾ ਹੈ। ਬੈਂਗਣ ਦੇ ਮੁੱਖ ਕੀੜੇ-ਮਕੌੜਿਆਂ ਦੀ ਪਛਾਣ, ਹਮਲੇ ਦੀਆਂ ਨਿਸ਼ਾਨੀਆਂ ਅਤੇ ਰੋਕਥਾਮ ਦੇ ਤਰੀਕੇ ਹੇਠਾਂ ਦਿੱਤੇ ਗਏ ਅਨੁਸਾਰ ਹਨ :-

**ਫਲਾਂ ਅਤੇ ਲਗਰਾਂ ਵਿੱਚ ਮੋਰੀਆਂ ਕਰਨ ਵਾਲੀ ਸੁੰਡੀ :** ਇਹ ਕੀੜਾ ਬੈਂਗਣ ਦੀ ਫ਼ਸਲ ਦੀ ਮੁੱਖ ਸਮੱਸਿਆ ਹੈ ਅਤੇ ਬਰਸਾਤਾਂ ਦੇ ਮੌਸਮ ਦੌਰਾਨ ਇਸ ਦਾ ਗੰਭੀਰ ਹਮਲਾ ਦੇਖਣ ਨੂੰ ਮਿਲਦਾ ਹੈ, ਇਸ ਕੀੜੇ ਦੀ ਸੁੰਡੀ ਨਰਮ ਕਰੂੰਬਲਾਂ (ਲਗਰਾਂ), ਫੁੱਲ ਅਤੇ ਫਲਾਂ ਵਿੱਚ ਵੜ ਕੇ ਖਾਂਦੀ ਹੈ। ਜਿਨ੍ਹਾਂ ਲਗਰਾਂ ਵਿੱਚ ਸੁੰਡੀ ਦਾ ਹਮਲਾ ਹੋਇਆ ਹੋਵੇ, ਉਹ ਮੁਰਝਾ ਕੇ ਸੁੱਕ ਜਾਂਦੀਆਂ ਹਨ। ਸਰਵਪੱਖੀ ਰੋਕਥਾਮ ਲਈ ਹੇਠ ਲਿਖੇ ਨੁਕਤੇ ਹਨ :-

★ ਬੈਂਗਣਾਂ ਦੀ ਮੋਢੀ ਫ਼ਸਲ ਨਾ ਰੱਖੋ।

★ ਕਾਣੇ ਫਲ ਤੋੜ ਕੇ ਖੇਤ ਵਿੱਚ ਜਾਂ ਆਲੇ-ਦੁਆਲੇ ਨਾ ਸੁੱਟੋ, ਸਗੋਂ ਜ਼ਮੀਨ ਵਿੱਚ ਡੂੰਘੇ ਦੱਬ ਦਿਉ।

★ ਜਿਉਂ ਹੀ ਇਸ ਕੀੜੇ ਦਾ ਹਮਲਾ ਹੋਵੇ, 80 ਮਿਲੀਲੀਟਰ ਕੋਰਾਜਨ 18.5 ਐਸ. ਸੀ. (ਕਲੋਰਐਂਟਰਾਨੀਲੀਪਰੋਲ) ਜਾਂ 80 ਗ੍ਰਾਮ ਪ੍ਰੋਕਲੇਮ 5 ਐਸ. ਜੀ. (ਐਮਾਮੈਕਟਿਨ ਬੈਂਜੋਏਟ) ਜਾਂ 100 ਮਿਲੀਲੀਟਰ ਸੁਮੀਸੀਡੀਨ 20 ਈ. ਸੀ. (ਫੈਨਵਲਰੇਟ) 100-125 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ 3-4 ਵਾਰੀ 14 ਦਿਨਾਂ ਦੇ ਵਕਫੇ ਨਾਲ ਛਿੜਕੋ। ਛਿੜਕਾਅ ਕਰਨ ਤੋਂ ਪਹਿਲਾਂ ਪੱਕੇ ਫਲ ਤੋੜ ਲਵੋ। ਪ੍ਰੋਕਲੇਮ ਦੇ ਛਿੜਕਾਅ ਤੋਂ ਬਾਅਦ 3 ਦਿਨ ਅਤੇ ਕੋਰਾਜਨ ਦੇ ਛਿੜਕਾਅ ਤੋਂ ਬਾਅਦ 7 ਦਿਨਾਂ ਤੱਕ ਬੈਂਗਣ ਨਾ ਤੋੜੋ।

**ਹੱਡਾ ਭੂੰਡੀ :** ਇਹ ਬਹੁ-ਫ਼ਸਲੀ ਕੀੜਾ ਹੈ, ਜੋ ਕਿ ਬੈਂਗਣ ਤੋਂ ਇਲਾਵਾ ਟਮਾਟਰ, ਆਲੂ ਅਤੇ ਕੱਦੂ ਜਾਤੀ ਦੀਆਂ ਸਬਜ਼ੀਆਂ 'ਤੇ ਹਮਲਾ ਕਰਦਾ ਹੈ। ਭੂੰਡੀਆਂ ਅਤੇ ਸੁੰਡੀਆਂ ਦੋਨੋਂ ਹੀ ਬੈਂਗਣਾਂ ਦੀ ਫ਼ਸਲ ਦਾ ਨੁਕਸਾਨ ਕਰਦੀਆਂ ਹਨ। ਹਮਲੇ ਕਾਰਨ ਪੱਤੇ ਛਾਨਣੀ ਵਰਗੇ ਦਿਸਦੇ ਹਨ। ਇਸ ਕੀੜੇ ਦੀ ਰੋਕਥਾਮ ਲਈ ਇਸ ਦੇ ਆਂਡਿਆਂ, ਬੱਚਿਆਂ ਅਤੇ ਬਾਲਗਾਂ ਵਾਲੇ ਪੱਤੇ ਇਕੱਠੇ ਕਰਕੇ ਨਸ਼ਟ ਕਰ ਦਿਉ।

**ਚਿੱਟੀ ਮੱਖੀ :** ਇਹ ਬਹੁ-ਫ਼ਸਲੀ ਕੀੜਾ ਹੈ, ਜੋ ਕਿ ਫ਼ਸਲਾਂ ਤੋਂ ਇਲਾਵਾ ਨਦੀਨਾਂ 'ਤੇ ਵੀ ਪਾਇਆ ਜਾਂਦਾ ਹੈ। ਚਿੱਟੀ ਮੱਖੀ ਦੇ ਬਾਲਗ ਅਤੇ ਬੱਚੇ ਬੈਂਗਣਾਂ ਦੇ ਪੱਤਿਆਂ ਦਾ ਰਸ ਚੂਸਦੇ ਹਨ ਅਤੇ ਪੱਤਿਆਂ ਉੱਤੇ ਸ਼ਹਿਦ ਦੇ ਤੁਪਕਿਆਂ ਵਰਗਾ ਮਲ ਕੱਢਦੇ ਹਨ, ਜੋ ਚਿਪਚਿਪਾ ਜਿਹਾ ਹੁੰਦਾ ਹੈ। ਹਮਲੇ ਵਾਲੇ ਬੂਟੇ ਦੋ ਤਰ੍ਹਾਂ ਨਾਲ ਪ੍ਰਭਾਵਿਤ ਹੁੰਦੇ ਹਨ, ਰਸ ਚੂਸਣ ਕਰਕੇ ਬੂਟੇ ਛੋਟੇ ਰਹਿ ਜਾਂਦੇ ਹਨ, ਦੂਜਾ ਬੂਟਿਆਂ ਦੀ ਭੋਜਨ ਬਣਾਉਣ ਵਾਲੀ ਪ੍ਰਕਿਰਿਆ ਪ੍ਰਭਾਵਿਤ ਹੋ ਜਾਂਦੀ ਹੈ, ਕਿਉਂਕਿ ਪੱਤਿਆਂ ਉੱਪਰ ਕਾਲੀ ਉੱਲੀ ਲੱਗ ਜਾਂਦੀ ਹੈ। ਹਮਲੇ ਕਾਰਨ ਝਾੜ 'ਤੇ ਵੀ ਕਾਫ਼ੀ ਮਾੜਾ ਅਸਰ ਪੈਂਦਾ ਹੈ।

★ ਸ਼ੁਰੂਆਤੀ ਅਵਸਥਾ ਵਿੱਚ ਇੱਕ ਤੋਂ ਦੋ ਛਿੜਕਾਅ 1200 ਮਿਲੀਲੀਟਰ ਪੀ. ਏ. ਯੂ. ਘਰ ਦਾ ਬਣਾਇਆ ਨਿੰਮ ਦਾ ਘੋਲ 100-125 ਲੀਟਰ ਪਾਣੀ ਵਿੱਚ ਘੋਲ ਕੇ ਹੱਥ ਨਾਲ ਚੱਲਣ ਵਾਲੇ ਪੰਪ ਨਾਲ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ। ਨਿੰਮ ਦਾ ਘੋਲ ਤਿਆਰ ਕਰਨ ਲਈ 4 ਕਿਲੋ ਨਿੰਮ ਦੀਆਂ ਕਰੂੰਬਲਾਂ (ਪੱਤੇ, ਹਰੀਆਂ ਟਾਹਣੀਆਂ ਅਤੇ ਨਿੰਮੋਲੀਆਂ ਸਮੇਤ) ਨੂੰ 10 ਲੀਟਰ ਪਾਣੀ ਵਿੱਚ 30 ਮਿੰਟਾਂ ਲਈ ਉਬਾਲੋ। ਘੋਲ ਠੰਡਾ ਹੋਣ 'ਤੇ ਛਾਣ ਲਵੋ ਅਤੇ ਸਿਫਾਰਿਸ਼ ਕੀਤੀ ਮਾਤਰਾ ਮੁਤਾਬਕ ਛਿੜਕਾਅ ਕਰੋ।

★ ਜੇਕਰ ਹਮਲਾ ਵਧੇਰੇ ਹੋਵੇ ਤਾਂ 15 ਦਿਨਾਂ ਦੇ ਵਕਫੇ 'ਤੇ 200 ਗ੍ਰਾਮ ਪੈਗਾਸਸ 50 ਤਾਕਤ (ਡਾਇਆ-ਫੈਨਥੀਯੂਰੋਨ) ਪ੍ਰਤੀ ਏਕੜ ਦੇ ਹਿਸਾਬ ਨਾਲ 100-125 ਲੀਟਰ ਪਾਣੀ ਵਿੱਚ ਘੋਲ ਬਣਾ ਕੇ ਛਿੜਕੋ।

★ ਚਿੱਟੀ ਮੱਖੀ ਦੇ ਫੈਲਾਅ ਨੂੰ ਰੋਕਣ ਲਈ ਸੜਕਾਂ ਦੇ ਕਿਨਾਰਿਆਂ, ਖਾਲੀ ਥਾਵਾਂ, ਖਾਲੀ ਜ਼ਮੀਨ, ਖਾਲ੍ਹਿਆਂ ਦੀਆਂ ਵੱਟਾਂ ਆਦਿ ਉੱਪਰ ਉੱਗੇ ਚਿੱਟੀ ਮੱਖੀ ਦੇ ਬਦਲਵੇਂ ਨਦੀਨਾਂ ਨੂੰ ਨਸ਼ਟ ਕਰੋ।

**ਮਕੌੜਾ ਜੂੰ :** ਮਕੌੜਾ ਜੂੰ ਦਾ ਹਮਲਾ ਗਰਮ ਅਤੇ ਖੁਸ਼ਕ ਮੌਸਮ ਵਿੱਚ ਜ਼ਿਆਦਾ ਹੁੰਦਾ ਹੈ। ਹਮਲੇ ਕਾਰਨ ਸ਼ੁਰੂ ਵਿੱਚ ਪੱਤਿਆਂ 'ਤੇ ਚਿੱਟੇ ਬਰੀਕ ਧੱਬੇ ਜਿਹੇ ਪੈ ਜਾਂਦੇ ਹਨ। ਬਾਅਦ ਵਿੱਚ ਪੱਤਿਆਂ 'ਤੇ ਜਾਲੇ ਬਣ ਜਾਂਦੇ ਹਨ, ਜਿਨ੍ਹਾਂ 'ਤੇ ਧੂੜ ਜੰਮ ਜਾਂਦੀ ਹੈ ਅਤੇ ਪੱਤੇ ਝੜ ਜਾਂਦੇ ਹਨ।

★ ਇਸ ਦੀ ਰੋਕਥਾਮ ਲਈ ਬੈਂਗਣ ਦੀ ਮੋਢੀ ਫ਼ਸਲ ਨਾ ਰੱਖੋ।

★ ਖੁਸ਼ਕ ਮੌਸਮ ਦੌਰਾਨ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਸਿੰਚਾਈ ਕਰਦੇ ਰਹੋ।

★ ਸਿੰਥੈਟਿਕ ਕੀਟਨਾਸ਼ਕਾਂ ਦੀ ਵਰਤੋਂ ਜ਼ਰੂਰਤ ਨਾਲੋਂ ਜ਼ਿਆਦਾ ਨਾ ਕਰੋ।

★ ਲੋੜ ਪੈਣ 'ਤੇ 300 ਮਿਲੀਲੀਟਰ ਉਮਾਈਟ 57 ਤਾਕਤ ਨੂੰ 100-150 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

ਇਨ੍ਹਾਂ ਨੁਕਤਿਆਂ ਨੂੰ ਅਪਣਾ ਕੇ ਕਿਸਾਨ ਵੀਰ ਬੈਂਗਣਾਂ ਦਾ ਵਧੀਆ ਝਾੜ ਲੈ ਸਕਦੇ ਹਨ। ਇਸ ਤੋਂ ਇਲਾਵਾ ਜੇਕਰ ਕੋਈ ਸਮੱਸਿਆ ਆਵੇ ਤਾਂ ਖੇਤੀ ਮਾਹਿਰਾਂ ਦੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ।



# ਜਲਵਾਯੂ ਤਬਦੀਲੀ ਦਾ ਪਸ਼ੂਆਂ 'ਤੇ ਪ੍ਰਭਾਵ

### ਮਨੁੱਖੀ ਆਬਾਦੀ 'ਚ ਵਾਧਾ ਪਸ਼ੂ ਉਤਪਾਦਨ ਦੀ ਮੰਗ ਨੂੰ ਵਧਾਵੇਗਾ

ਦੁਨੀਆਂ ਦੇ ਵਿਕਾਸਸ਼ੀਲ ਦੇਸ਼ਾਂ 'ਚ ਛੋਟੇ ਕਿਸਾਨਾ ਲਈ ਪਸ਼ੂ ਪਾਲਸ਼ ਰੋਜ਼ੀ-ਰੋਟੀ ਅਤੇ ਭੋਜਨ ਦਾ ਇਕ ਮਹੱਤਵਪੂਰਣ ਹਿੱਸਾ ਹੈ। ਪਸ਼ੂ ਪਾਲਣ ਨਾ ਸਿਰਫ਼ ਰੋਜ਼ਗਾਰ ਪੈਦਾ ਕਰਦਾ ਹੈ, ਸਗੋ ਕੱਪੜੇ ਅਤੇ ਬਾਲਣ ਵੀ ਉਤਪਾਦਨ ਦੀ ਮੰਗ ਨੂੰ ਵਧਾਏਗਾ। ਇਸ ਦੇ ਨਾਲ ਹੀ ਸਥਾਨਕ ਮੌਸਮੀ ਹਾਲਾਤਾਂ 'ਚ ਵਾਰ -ਵਾਰ ਬਦਲਾਅ ਦਾ ਅਨੁਭਵ ਹੋ ਰਿਹਾ ਹੈ, ਜੋ ਕਿ ਪਸ਼ੂਆਂ ਦੇ ਉਤਪਾਦਨ ਨੂੰ ਮਹੱਤਵਪੂਰਨ ਤੌਰ 'ਤੇ ਪ੍ਰਭਾਵਿਤ ਕਰੇਗਾ।

ਜ਼ਿਆਦਾ ਉਤਪਾਦਨ ਵਾਲੇ ਜਾਨਵਰ ਵਧੇਰੇ ਸੰਵੇਦਨਸ਼ੀਲ ਹੁੰਦੇ ਹਨ ਅਤੇ ਬਦਲ ਰਹ ਮੌਸਮ ਕਾਰਨ ਉਹ ਹੋਰ ਕਮਜ਼ੋਰ ਹੁੰਦੇ ਹਨ। ਕਈ ਵਾਰ ਕੁਝ ਜੈਨੇਟਿਕ ਵਿਸ਼ੇਸ਼ਤਾਈਆਂ ਵੀ ਆਲੇ-ਦੁਆਲੇ ਦੇ ਵਾਤਾਵਰਣ ਦੇ ਅਨੁਕੂਲ ਹੋਣ ਦੀ ਯੋਗਤਾ ਨੂੰ ਘਟਾਉਂਦੀਆਂ ਹਨ ਅਤੇ ਪਸ਼ੂਆਂ ਲਈ ਰਿਸਕ ਵਧ ਜਾਂਦਾ ਹੈ।

ਜਲਵਾਯੂ ਤਬਦੀਲੀ ਪਸ਼ੂਆਂ ਦੀ ਉਤਪਾਦਕਤਾ ਅਤੇ ਪ੍ਰਦਰਸ਼ਨ ਨੂੰ ਪ੍ਰਭਾਇਤ ਕਰੇਗੀ। ਪਸ਼ੂ ਉਤਪਾਦਨ ਤ ਜਲਵਾਯੂ ਤਬਦੀਲੀ ਦਾ ਮਹੱਤਵਪੂਰਨ ਪ੍ਰਭਾਵਾਂ 'ਚ ਪਸ਼ੂਆਂ ਦੀ ਵਾਧਾ ਦਰ, ਦੁੱਧ ਉਤਪਾਦਨ, ਪਸ਼ੂ ਜੈਨੇਟਿਕ ਸਰੋਤ, ਪਾਣੀ ਦੀ ਉਪਲਬਧਤਾਂ, ਬੀਮਾਰੀ, ਪ੍ਰਜਨਣ, ਫੀਡ ਦੀ ਗੁਣਵੱਤਾ ਅਤੇ ਚਾਰੇ ਦੇ ਸਰੋਤਾਂ ਨੂੰ ਘਟਾਉਣਾ ਸ਼ਾਮਲ ਹੈ। ਇਸ ਤੋਂ ਇਲਾਵਾ ਇਹ ਮਾਸ ਉਤਪਾਦਨ ਅਤੇ ਪਸ਼ੂ ਸਰੀਰ ਦੇ ਆਕਾਰ 'ਚ ਕਮੀ ਦਾ ਕਾਰਨ ਵੀ ਬਣੇਗਾ। ਪਸ਼ੂ ਦੀ ਸਿਹਤ ਵੀ ਪ੍ਰਭਾਵਿਤ ਹੋਵੇਗੀ ਅਤੇ ਪ੍ਰਜਨਣ ਕੁਸ਼ਲਤਾ ਵੀ ਘਟੇਗੀ।

ਵਧਿਆ ਹੋਇਆ ਤਾਪਮਾਨ ਪਸ਼ੂ ਤੇ ਸਰਵੋਤਮ ਉਤਪਾਦਨ ਪੱਧਰਾਂ ਦੇ ਅਨੁਕੂਲ ਨਹੀਂ ਹੁੰਦਾ। ਪਸ਼ੂਆਂ ਦੀ ਪਾਚਕ ਸ਼ਕਤੀ ਘਟਦੀ ਹੈ ਅਤੇ ਉਨ੍ਹਾਂ 'ਚ ਆਕਸੀਡੇਟਿਵ ਤਣਾਅ ਵੀ ਪੈਦਾ ਹੁੰਦਾ ਹੈ। ਪਸ਼ੂਆਂ ਲਈ ਫੀਡ ਦੀ ਗੁਣਵੱਤਾ ਅਤੇ ਪਾਣੀ ਦੀ ਉਪਲਬਧਤਾ 'ਚ ਤਬਦੀਲੀ ਵੀ ਪੈਦਾ ਹੋਵੇਗੀ। ਗਰਮੀ ਦੇ ਤਣਾਅ ਕਾਰਨ ਪਸ਼ੂਆਂ ਦੀ ਪ੍ਰਜਨਣ ਪ੍ਰਦਰਸ਼ਨ ਨੂੰ ਨੁਕਸਾਨ ਹੁੰਦਾ ਹੈ ਅਤੇ ਕਈ ਪ੍ਰਜਨਣ ਪ੍ਰਕਿਰਿਆਵਾ 'ਚ ਵਿਘਨ ਪੈਂਦਾ ਹੈ, ਜਿਸ ਦੇ ਨਤੀਜੇ ਵਜੋਂ ਗਰਭਧਾਰਨ ਦਰ 'ਚ ਇਕ ਸਪੱਸ਼ਟ ਗਿਰਾਵਟ ਆਉਂਦੀ ਹੈ।

ਇਸ ਤੋਂ ਇਲਾਵਾ ਗਰਭ ਅਵਸਥਾ ਦੌਰਾਨ, ਗਰਮੀ ਦਾ ਤਣਾਅ ਭਰੂਣ ਦੇ ਵਿਕਾਸ ਨੂੰ ਮੱਧਮ ਕਰਦਾ ਹੈ, ਜਿਸ ਦੇ ਨਤੀਜੇ ਵਜੋਂ ਭਰੂਣ ਦਾ ਵਿਕਾਸ ਘੱਟ ਜਾਂਦਾ ਹੈ ਅਤੇ ਬਾਅਦ 'ਚ ਵੱਛੇ ਦਾ ਆਕਾਰ ਛੋਟਾ ਹੁੰਦਾ ਹੈ। ਬਲਦਾਂ 'ਚ ਵੀਰਜ ਦਾ ਗਾੜ੍ਹਾਪਨ, ਸ਼ੁਕਰਾਣੂਆਂ ਦੀ ਗਿਣਤੀ ਅਤੇ ਵੀਰਜ 'ਚ ਘਟੇ ਹੋਏ ਪਾਏ ਗਏ, ਕਿਉਂਕਿ ਬਿਹੁਤਰ ਉਪਜਾਊ ਅਤੇ ਸਿਹਤਮੰਦ ਸ਼ੁਕਰਾਣੂ ਪੈਦਾ ਕਰਨ ਲਈ ਇਕ ਸਹੀ ਵਾਤਾਵਰਣ ਤਾਪਮਾਨ ਸੀਮਾ ਦੀ ਲੋੜ ਹੁੰਦੀ ਹੈ। ਜਲਵਾਯੂ ਪਰਿਵਰਤਨ ਨਾਲ ਪਸ਼ੂਆਂ 'ਚ ਗਰਮੀ ਨਾਲ ਸਬੰਧਤ ਮੌਤ ਦਰ ਵਧ ਸਕਦੀ ਹੈ। ਬਦਲਦੇ ਮੀਂਹ ਅਤੇ ਸੋਕੇ ਵਾਲੇ ਖੇਤਰਾਂ 'ਚ ਵੀ ਘਰੇਲੂ ਪਸ਼ੂਆਂ ਦੇ ਨੁਕਸਾਨ 'ਚ ਵਾਧਾ ਹੋ ਸਕਦਾ ਹੈ। ਇਸ ਤੋਂ ਇਲਾਵਾ ਸੋਕੇ ਕਾਰਨ ਪਸ਼ੂਆਂ ਦੀਆਂ ਬੀਮਾਰੀਆਂ ਵਧਣ ਦੀ ਸੰਭਾਵਨਾ ਹੈ। ਪਾਚਨ ਸਬੰਧੀ ਮੁਸ਼ਕਲਾਂ, ਆਕਸੀਡੇਟਿਵ ਤਣਾਅ ਅਤੇ ਘੱਟ ਇਮਿਊਨਿਟੀ ਕਾਰਨ ਪਸ਼ੂਆਂ ਦਾ ਨੁਕਸ਼ਾਨ ਹੋ ਸਕਦਾ ਹੈ। ਪਸ਼ੂਆਂ ਦੀਆਂ ਬਿਮਾਰੀਆਂ ਅਤੇ ਪ੍ਰਭਾਵਿਤ ਕਰਨ ਵਾਲੇ ਮਹੱਤਵਪੂਰਨ ਕਾਰਕ ਹਨ। ਜਲਵਾਯੂ ਤਬਦੀਲੀ ਨਾਲ ਪਸ਼ੂਆਂ 'ਚ ਛੂਤ ਦੀਆਂ ਬਿਮਾਰੀਆਂ ਵਧ ਸਕਦੀਆਂ ਹਨ ਅਤੇ ਜਰਾਸੀਨਾਂ ਦਾ ਵਿਕਾਸ ਦਰ ਵੀ ਵਧ ਸਕਦਾ ਹੈ। ਹਵਾ ਦੀ ਗਤੀ 'ਚ ਬਦਲਾਅ ਕਾਰਨ ਲਾਗ ਅਤੇ ਵੈਕਟਰਾਂ ਦਾ ਸੰਚਾਰ ਵਧ ਸਕਦਾ ਹੈ।

ਜਲਵਾਯੂ ਤਬਦੀਲੀ ਨਾਲ ਪਸ਼ੂਆਂ ਦੇ ਚਾਰੇ ਦੀ ਗੁਣਵੱਤਾ ਅਤੇ ਮਾਤਰਾ ਵੀ ਘੱਟ ਸਕਦੀ ਹੈ। ਅਤੇ ਪਸ਼ੂਆਂ ਦੀ ਭੋਜਨ ਸਰੋਤ ਉਪਲਬਧਤਾ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ। ਪੌਦਿਆਂ ਦੀ ਲਿਗਨੀਫੀਕੇਸ਼ਨ 'ਚ ਵਾਧੇ ਨਾਲ ਉਨ੍ਹਾਂ ਦੀ ਪਾਚਨਯੋਗਤਾ ਘਟ ਜਾਂਦੀ ਹੈ। ਰੇਸ਼ੇਦਾਰ ਚਾਰਾ ਫਰਮੈਂਟੇਸ਼ਨ ਨਾਲ ਪੈਦਾ ਹੋਣ ਵਾਲੀ ਗਰਮੀ ਅਤੇ ਜਾਨਵਰਾਂ 'ਚ ਪਾਣੀ ਦੀ ਥਰਮੋਰੈਗੂਲੇਟਰੀ ਮੰਗ ਨੂੰ ਵਾਧਾ ਸਕਦਾ ਹੈ। ਗਰਮ ਵਾਤਾਵਰਣ ਦੇ ਸੰਪਰਕ 'ਚ ਆਉਣ ਵਾਲੇ ਜਾਨਵਰ ਥਰਮੋ-ਨਿਊਟਰਲ ਸਥਿਤੀਆਂ 'ਚ ਜਾਨਵਰਾਂ ਨਾਲੋਂ 2-3 ਗੁਣਾਂ ਜਿਆਦਾ ਪਾਣੀ ਪੀਂਦੇ ਹਨ, ਜਿਸ ਨਾਲ ਉਨ੍ਹਾਂ ਨੂੰ ਖਤਰਾ ਹੁੰਦਾ ਹੈ। ਅਤੇ ਪਾਣੀ ਦੀ ਪੀ. ਐਚ. 'ਚ ਤਬਦੀਲੀਆਂ ਜਾਨਵਰਾਂ ਦੇ ਮੈਟਾਬੋਲਿਜ਼ਮ, ਉਪਜਾਊ-ਸ਼ਕਤੀ ਅਤੇ ਪਾਚਨ ਨੂੰ ਪ੍ਰਭਾਇਤ ਕਰ ਸਕਦੀਆਂ ਹਨ।

ਜਲਵਾਯੂ ਤਬਦੀਲੀ ਕਾਰਨ ਪਸ਼ੂਆਂ ਦੀਆਂ ਸਥਾਨਕ ਨਸਲਾਂ ਅਲੋਪ ਹੋ ਸਕਦੀਆਂ ਹਨ। ਇਕ ਅਨੁਮਾਨ ਦੇ ਅਨੁਸਾਰ ਜਲਵਾਯੂ ਤਬਦੀਲੀ ਵਿਸ਼ਵ ਪੱਧਰ ਤੇ ਸਾਰੀਆਂ ਪ੍ਰਜਾਤੀਆਂ ਦੇ 15-37% ਨੂੰ ਖਤਮ ਕਰ ਸਕਦਾ ਹੈ, ਜਿਸ ਨਾਲ ਉਨ੍ਹਾਂ ਲੋਕਾਂ 'ਚ ਭੋਜਨ ਅਸੁਰੱਖਿਆ, ਕਪੋਸ਼ਣ ਅਤੇ ਰੋਜੀ ਰੋਟੀ ਦੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ, ਜੋ ਬਚਾਅ ਲਈ ਜਾਨਵਰਾਂ ਦੇ ਬਹੁਤ ਜ਼ਿਆਦਾ ਨਿਰਭਰ ਕਰਦੇ ਹਨ ਇਸ ਤੋਂ ਸੋਕਾ, ਹੜ੍ਹ ਅਤੇ ਤੂਫਾਨ ਦੀ ਬਹੁਤ ਸਾਰੀਆਂ ਜਾਨਵਰਾਂ ਦੀ ਕਿਸਮਾਂ ਅਤੇ ਨਸਲਾਂ ਨੂੰ ਪ੍ਰਭਾਇਤ ਕਰਨਗੇ।

ਜਲਵਾਯੂ ਤਬਦੀਲੀ ਕਾਰਨ ਗਰਮੀ ਦੇ ਤਣਾਅ ਦੀਆਂ ਸਮੱਸਿਆਵਾਂ ਦਾ ਮੁਕਾਬਲਾ ਕਰਨ ਲਈ, ਦੇਸੀ ਜਾਂ ਸਥਾਨਕ ਪਸ਼ੂਆਂ ਦੀਆਂ ਨਸਲਾਂ ਦਾ ਪ੍ਰਜਨਣ ਕਰਨਾ ਬਹੁਤ ਜਰੂਰੀ ਹੈ, ਕਿਉਂਕਿ ਇਨ੍ਹਾਂ ਨਸਲਾਂ 'ਚ ਕੁਦਰਤੀ ਤੌਰ 'ਤੇ ਉੱਚ ਗਰਮੀ ਸਹਿਣਸ਼ੀਲਤਾਂ ਸਮਰੱਥਾਵਾਂ ਪਾਈਆਂ ਗਈਆਂ ਹਨ ਅਤੇ ਵਾਤਾਵਰਣ ਦੀਆਂ ਕਠੋਰ ਹਕੀਕਤਾਂ ਦੇ ਅਨੁਕੂਲ ਹੈ।

ਕਿਸਾਨਾਂ ਨੂੰ ਨਸਲਾਂ ਦੀ ਬਿਹਤਰ ਅਨੁਕੂਲਤਾ ਲਈ ਗਰਮੀ ਅਤੇ ਬੀਮਾਰੀ ਸਹਿਣਸ਼ੀਲ ਜੀਨੋਟਾਈਪ ਨਾਲ ਕਰਾਸ-ਬਰੀਡਿੰਗ ਦੁਆਰਾ ਸਥਾਨਕ ਪ੍ਰਜਾਤੀਆਂ ਨੂੰ ਬਿਹਤਰ ਬਣਾਉਣਾ ਚਾਹੀਦਾ ਹੈ। ਕਿਸਾਨਾਂ ਨੂੰ ਪਸ਼ੂਆਂ ਵਿਚ ਪ੍ਰਜਨਣ ਕੁਸ਼ਲਤਾ ਵਧਾਉਣ ਲਈ ਪ੍ਰਜਨਣ ਤਕਨੀਕਾਂ ਜਿਵੇਂ ਕਿ ਭਰੂਣ ਟ੍ਰਾਂਸਫਰ ਤਕਨਾਲੋਜੀ ਰਾਹੀਂ ਅਨੁਕੂਲ ਸਥਾਨਕ ਨਸਲਾਂ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਹੋਰ ਮਜਬੂਤ ਕਰਨਾ ਚਾਹੀਦਾ ਹੈ। ਤਣਾਅ ਸਮੇਂ ਪਸ਼ੂਆਂ ਦੀ ਉਪਜਾਊ ਸ਼ਕਤੀ ਵਧਾਉਣ ਲਈ ਪ੍ਰੋਜੈਸਟੋ ਵਰਗੇ ਪੂਰਕ ਹਾਰਮੋਨਾਂ ਦੀ ਵਰਤੋ ਕਰਨ ਸਬੰਧੀ ਕਿਸਾਨਾਂ ਨੂੰ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ।

ਡਾ. ਮਧੂ ਸ਼ੈਲੀ

-------- ਬਾਕੀ ਸਫਾ 7 ਦੀ --------

# ਜੂਨ ਮਹੀਨੇ ਦੇ ਖੇਤੀ ਰੁਝੇਵੇਂ

ਫਾਸਫੋਰਸ ਸਿਫਾਰਸ਼ ਕੀਤੀ ਮਾਤਰਾ ਅਨੁਸਾਰ ਪਾਈ ਹੋਵੇ ਤਾਂ ਮੱਕੀ ਨੂੰ ਇਹ ਖਾਦ ਪਾਉਣ ਦੀ ਲੋੜ ਨਹੀਂ। ਪੀ ਐਮ ਐਚ-17, ਪੀ ਐਮ ਐਚ-14, ਪੀ ਐਮ ਐਚ-13, ਪੀ ਐਮ ਐਚ 11, ਪੀ ਐਮ ਐਚ 1, ਡੀ. ਕੇ. ਸੀ.-9144, ਬਾਇਓਸੀਡ-9788, ਏ. ਡੀ. ਵੀ.-9293, ਜੇ. ਸੀ.-412 ਅਤੇ ਪੰਜਾਬ ਸਵੀਟ ਕੌਰਨ ਲਈ 37 ਕਿਲੋ ਯੂਰੀਆ/ਪ੍ਰਤੀ ਏਕੜ ਅਤੇ ਪੀ ਐਮ ਐਚ 2 ਅਤੇ ਪਰਲ ਪੋਪਕੋਰਨ



ਕਿਸਮਾਂ ਲਈ 25 ਕਿਲੋ ਯੂਰੀਆ/ਏਕੜ ਬਿਜਾਈ ਵੇਲੇ ਪਾਉ। ਜੇਕਰ ਦੇਸੀ ਰੂੜੀ 6 ਟਨ ਪ੍ਰਤੀ ਏਕੜ ਦੇ ਹਿਸਾਬ ਹਰ ਸਾਲ ਪਾਈ ਹੈ ਤਾਂ ਬਿਜਾਈ ਸਮੇਂ ਹੋਰ ਕੋਈ ਪਾਉਣ ਦੀ ਲੋੜ ਨਹੀਂ। ਹਰੀ ਖਾਦ ਅਤੇ ਦੇਸੀ ਰੂੜੀ ਮੱਕੀ ਦੀ ਫਸਲ ਲਈ ਬਹੁਤ ਵਧੀਆ ਰਹਿੰਦੀ ਹੈ। ਮੱਕੀ ਵਿੱਚ ਲੋੜ ਅਨੁਸਾਰ ਯੂਰੀਆ ਵਰਤਣ ਲਈ ਪੀ ਏ ਯੂ-ਪੱਤਾ ਰੰਗ ਚਾਰਟ ਦੀ ਵਰਤੋਂ ਕੀਤੀ ਜਾ ਸਕਦੀ ਹੈ। ਮੱਕੀ ਦਾ ਗੜੂੰਆਂ ਬੂਟੇ ਦੇ ਗੋਭ ਵਿਚਲੇ ਵਧਣ ਵਾਲੇ ਹਿੱਸੇ ਨੂੰ ਖਾ ਜਾਂਦਾ ਹੈ ਅਤੇ ਬੂਟਾ ਮਰ ਜਾਂਦਾ ਹੈ। ਇਸ ਦੀ ਰੋਕਥਾਮ ਲਈ 30 ਮਿਲੀਲਿਟਰ ਕੋਰਾਜ਼ਨ 18.5 ਐਸ ਸੀ ਨੂੰ 60 ਲਿਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕਰੋ। ਜਦੋਂ ਫਸਲ 2-3 ਹਫਤੇ ਦੀ ਹੋ ਜਾਵੇ ਤਾਂ ਛਿੜਕਾਅ ਸ਼ੁਰੂ ਕਰ ਦਿਉ। ਇਸ ਸੁੰਡੀ ਦੀ ਰੋਕਥਾਮ ਪ੍ਰਜੀਵ ਕੀੜਾ ਟਰਾਈਕੋਗ੍ਰਾਮਾ ਦੁਆਰਾ ਵੀ ਕੀਤੀ ਜਾ ਸਕਦੀ ਹੈ।

ਫਾਲ ਆਰਮੀਵਰਮ ਦੀਆਂ ਛੋਟੀਆਂ ਸੁੰਡੀਆਂ ਪੱਤਿਆਂ ਨੂੰ ਖੁਰਚ ਕੇ ਖਾਂਦੀਆਂ ਹਨ। ਵੱਡੀਆਂ ਸੁੰਡੀਆਂ ਗੋਭ ਨੂੰ ਲਗਭਗ ਪੂਰੀ ਤਰ੍ਹਾਂ ਖਾ ਕੇ ਭਾਰੀ ਮਾਤਰਾ ਵਿਚ ਵਿੱਠਾਂ ਕਰਦੀਆਂ ਹਨ। ਇਸ ਸੁੰਡੀ ਦੀ ਪਛਾਣ ਇਸ ਦੇ ਸਿਰ ਵਾਲੇ ਪਾਸੇ ਚਿੱਟੇ ਰੰਗ ਦੇ ਅੰਗਰੇਜ਼ੀ ਦੇ ਅੱਖਰ 'ਵੀ' ਦੇ ਉਲਟੇ ਨਿਸ਼ਾਨ ਅਤੇ ਪਿਛਲੇ ਸਿਰੇ ਦੇ ਲਾਗੇ ਚੌਰਸਾਕਾਰ ਚਾਰ ਬਿੰਦੂਆਂ ਤੋਂ ਹੁੰਦੀ ਹੈ। ਇਸ ਕੀੜੇ ਦੇ ਵਾਧੇ ਅਤੇ ਫਲਾਅ ਨੂੰ ਸੀਮਿਤ ਕਰਨ ਲਈ ਮੱਕੀ ਦੀ ਬਿਜਾਈ ਨਾਲ ਲਗਦੇ ਖੇਤਾਂ ਵਿਚ ਥੋੜ੍ਹੇ ਥੋੜ੍ਹੇ ਵਕਫੇ ਤੇ ਨਾ ਕਰੋ। ਇਸ ਕੀੜੇ ਦੀ ਰੋਕਥਾਮ ਲਈ 0.4 ਮਿਲੀਲਿਟਰ ਕੋਰਾਜ਼ਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 0.5 ਮਿਲੀਲਿਟਰ ਡੈਲੀਗੇਟ 11.7 ਐਸ ਸੀ (ਸਪਾਈਨਟੋਰਮ) ਜਾਂ 0.4 ਗ੍ਰਾਮ ਮਿਜ਼ਾਇਲ 5 ਐਸ ਜੀ (ਐਮਾਮੈਕਟਿਨ ਬੈਂਜ਼ੋਏਟ) ਪ੍ਰਤੀ ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। ਕੀੜੇ ਦੀ ਕਾਰਗਰ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰੋ। ਜੇ ਹਮਲਾ ਪੌਧੀਆਂ ਵਿਚ ਹੋਵੇ ਜਾਂ ਫਸਲ 40 ਦਿਨਾਂ ਤੋਂ ਵੱਡੀ ਹੋਵੇ ਤਾਂ ਛਿੜਕਾਅ ਵਿਚ ਮੁਸ਼ਕਿਲ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ ਦੇ ਮਿਸ਼ਰਨ (ਲਗਭਗ ਅੱਧਾ ਗ੍ਰਾਮ) ਨੂੰ ਹਮਲੇ ਵਾਲੀਆਂ ਗੋਭਾਂ ਵਿਚ ਪਾ ਕੇ ਫਾਲ ਆਰਮੀਵਰਮ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਮਿਸ਼ਰਣ ਬਣਾਉਣ ਲਈ 5 ਮਿਲੀਲਿਟਰ ਕੋਰਾਜ਼ਨ 18.5 ਐਸ ਸੀ ਜਾਂ ਡੈਲੀਗੇਟ 11.7 ਐਸ ਸੀ ਜਾਂ ਮਿਜ਼ਾਈਲ 5 ਐਸ ਜੀ ਜਾਂ 25 ਗ੍ਰਾਮ ਡੇਲਫਿਨ ਡਬਲ੍ਯੂ ਜੀ ਜਾਂ 25 ਮਿਲੀਲਿਟਰ ਡਾਈਪਲ 8 ਐਲ ਨੂੰ 10 ਮਿਲੀਲਿਟਰ ਪਾਣੀ ਵਿਚ ਘੋਲ ਕੇ ਇਕ ਕਿਲੋ ਮਿੱਟੀ ਵਿਚ ਚੰਗੀ ਤਰ੍ਹਾਂ ਮਿਲਾਓ।

**ਮੂੰਗਫਲੀ :** ਬਰਾਨੀ ਹਾਲਤਾਂ ਵਿੱਚ ਮੂੰਗਫਲੀ ਦੀ ਬਿਜਾਈ ਜੂਨ ਦੇ ਅਖੀਰਲੇ ਹਫਤੇ ਤੋਂ ਬਾਰਿਸ਼ ਪੈਣ ਤੇ ਕਰੋ। ਬੀਜਣ ਤੋਂ ਪਹਿਲਾਂ ਖੇਤ ਨੂੰ ਪਾਣੀ ਦਿਉ। ਵਧੀਆ ਝਾੜ ਲੈਣ ਲਈ ਮੋਟਾ ਬੀਜ ਵਰਤੋ। ਗਿੱਚੀ ਦੇ ਗਾਲੇ ਦੀ ਰੋਕਥਾਮ ਲਈ ਬੀਜ ਨੂੰ 2 ਮਿਲੀਲਿਟਰ ਨਿਊਨਿਕਸ



20 ਐਫ ਐਸ (ਇਮਿਡਾਕਲੋਪਰਿਡ 18.5% + ਹੈਕਸਾਕੋਨਾਜ਼ੋਲ 1.5%) ਜਾਂ 1.5 ਗਾਮ ਸੀਡੈਕਸ ਜਾਂ 5 ਗ੍ਰਾਮ ਥੀਰਮ ਜਾਂ 3 ਗ੍ਰਾਮ ਇੰਡੋਫਿਲ ਐਮ-45 ਪ੍ਰਤੀ ਕਿਲੋਗ੍ਰਾਮ ਗਿਰੀਆਂ ਦੇ ਹਿਸਾਬ ਸੋਧ ਲਉ। ਨਿਊਨਿਕਸ ਨਾਲ ਬੀਜ ਦੀ ਸੋਧ ਕਰਨ ਤੇ ਚਿੱਟੇ ਸੁੰਡੇ ਅਤੇ ਸਿਉਂਕ ਦੀ ਰੋਕਥਾਮ ਵੀ ਹੋ ਜਾਂਦੀ ਹੈ। 38 ਕਿਲੋ ਗਿਰੀਆਂ ਐਮ-522 ਅਤੇ ਐਸ ਜੀ 84 ਲਈ ਅਤੇ 40 ਕਿਲੋ ਐਸ ਜੀ 99 ਲਈ ਵਰਤੋ।

ਬਿਜਾਈ ਸਮੇਂ 50 ਕਿਲੋ ਸਿੰਗਲ ਸੁਪਰਫਾਸਫੇਟ, 50 ਕਿਲੋ ਜਿਪਸਮ ਅਤੇ 13 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਨਾਲ ਪਾ ਦਿਉ।

**ਸਾਉਣੀ ਦੀਆਂ ਦਾਲਾਂ :** ਮਾਂਹ ਦੀ ਬਿਜਾਈ ਜੂਨ ਦੇ ਅਖੀਰਲੇ ਹਫਤੇ ਖਾਸ ਕਰਕੇ ਹਲਕੀਆਂ ਜ਼ਮੀਨਾਂ ਤੇ 6-8 ਕਿਲੋ ਬੀਜ ਪ੍ਰਤੀ ਏਕੜ ਵਰਤ ਕੇ ਕਰਨੀ ਚਾਹੀਦੀ ਹੈ। ਮਾਂਹ ਨੂੰ 11 ਕਿਲੋ ਯੂਰੀਆ, 60 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਉ।

**ਸੋਇਆਬੀਨ :** ਸੋਇਆਬੀਨ ਦੀ ਐਸ ਐਲ 958, ਐਸ ਐਲ 744 ਜਾਂ ਐਸ ਐਲ 525 ਕਿਸਮ ਵਰਤੋ, ਕਿਉਂਕਿ ਇਹ ਪੀਲੇ ਵਿਸ਼ਾਣੂੰ ਰੋਗ ਨੂੰ ਸਹਾਰਨ ਦੀ ਸਮਰੱਥਾ ਰੱਖਦੀ ਹੈ। 25-30 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਵਰਤੋ। ਜੇਕਰ ਸੋਇਆਬੀਨ ਪਹਿਲੀ ਵਾਰ ਬੀਜ ਰਹੇ ਹੋ ਤਾਂ ਬੀਜ ਨੂੰ ਬੀਜਣ ਤੋਂ ਪਹਿਲਾਂ (ਰਾਈਜੋਬੀਅਮ) ਜੀਵਾਣੂੰ ਦਾ ਟੀਕਾ ਲਾ ਕੇ ਸੋਧ ਲਵੋ। ਇਹ ਜੀਵਾਣੂੰ ਦਾ ਟੀਕਾ ਫਸਲ ਦੀ ਨਾਈਟ੍ਰੋਜਨ ਤੱਤ ਦੀ ਘਾਟ ਨੂੰ ਪੂਰਾ ਕਰਦਾ ਹੈ। ਫਸਲ ਜੂਨ ਦੇ ਪਹਿਲੇ ਪੰਦਰਵਾੜੇ ਵਿੱਚ ਬੀਜੋ। ਫਸਲ 3-4 ਸੈਂਟੀਮੀਟਰ ਡੂੰਘੀ ਅਤੇ ਕਤਾਰਾਂ ਦਾ ਫਾਸਲਾ 45 ਸੈਂਟੀਮੀਟਰ ਰੱਖ ਕੇ ਬੀਜੋ। ਇਸ ਫਸਲ ਦੀ ਬਿਜਾਈ ਬੈੱਡਾਂ ਤੇ ਵੀ ਕਰ ਸਕਦੇ ਹੋ। ਬੈੱਡਾਂ ਦੇ ਬੀਜੀ ਫਸਲ ਨੂੰ ਬਾਰਸ਼ਾਂ ਦਾ ਖੜ੍ਹਾ ਪਾਣੀ ਨੁਕਸਾਨ ਨਹੀਂ ਕਰਦਾ। ਨਦੀਨਾਂ ਦੀ ਰੋਕਥਾਮ ਲਈ ਬਿਜਾਈ ਦੇ ਦੋ ਦਿਨਾਂ ਅੰਦਰ ਸਟੌਂਪ 30 ਤਾਕਤ 600 ਮਿਲੀਲਿਟਰ ਪ੍ਰਤੀ ਏਕੜ ਦਾ 200 ਲਿਟਰ ਪਾਣੀ ਵਰਤ ਕੇ ਛਿੜਕਾਅ ਕਰੋ। ਇਸ ਦੇ ਬਦਲ ਵਜੋਂ 300 ਮਿਲੀਲਿਟਰ ਪ੍ਰਤੀ ਏਕੜ ਪਰਸ਼ੂਟ 10 ਐਸ ਐਲ ਨੂੰ ਬਿਜਾਈ ਤੋਂ 15-20 ਦਿਨਾਂ ਬਾਅਦ ਛਿੜਕਾਅ ਕਰੋ। ਵੱਧ ਝਾੜ ਲੈਣ ਲਈ 4 ਟਨ ਦੇਸੀ ਰੂੜੀ ਪ੍ਰਤੀ ਏਕੜ ਪਾਉ। ਬਿਜਾਈ ਸਮੇਂ 28 ਕਿਲੋ ਯੂਰੀਆ ਅਤੇ 200 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਵਰਤੋ। ਜਿੱਥੇ ਸੋਇਆਬੀਨ ਕਣਕ ਤੋਂ ਬਾਅਦ ਬੀਜੀ ਗਈ ਹੈ ਜਿਸ ਨੂੰ ਫਾਸਫੋਰਸ ਦੀ ਪੂਰੀ ਮਾਤਰਾ ਪਾਈ ਗਈ ਹੋਵੇ, ਉਥੇ ਸੋਇਆਬੀਨ ਨੂੰ 150 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਹੀ ਪਾਉ।

**ਹਰੇ ਚਾਰੇ ਦੀ ਕਾਸ਼ਤ :** ਬੀਜ ਲਈ ਬਰਸੀਮ ਦੀ ਫਸਲ ਨੂੰ ਕੱਟ ਕੇ ਸੁਕਾ ਲਵੋ। ਚਾਰੇ ਦੀ ਫਸਲ ਨੂੰ ਪਾਣੀ ਦਿੰਦੇ ਰਹੋ ਅਤੇ ਸੋਕਾ ਨਾ ਲੱਗਣ ਦੇਵੋ। ਸਾਰਾ ਸਾਲ ਹਰਾ ਚਾਰਾ ਪੈਦਾ ਕਰਨ ਲਈ ਚਾਰੇ ਵਾਲੀਆਂ ਫਸਲਾਂ ਦੀ ਸਮੇਂ ਸਿਰ ਬਿਜਾਈ ਕਰਦੇ ਰਹੋ। ਚਾਰੇ ਵਾਲੀ ਫਸਲ ਦੀ ਕਟਾਈ ਢੁੱਕਵੇਂ ਸਮੇਂ ਤੇ ਕਰੋ ਜਾਂ ਜਦੋਂ ਫਸਲ ਕਟਾਈ ਦੀ ਅਵਸਥਾ ਵਿਚ ਹੋਵੇ। ਇਸ ਤਰ੍ਹਾਂ ਪਸ਼ੂਆਂ ਨੂੰ ਸਸਤਾ ਤੇ ਵਧੀਆ ਚਾਰਾ ਮਿਲ ਸਕੇਗਾ ਅਤੇ ਦੁੱਧ ਪੈਦਾ ਕਰਨ ਲਈ ਖਰਚਾ ਵੀ ਘਟੇਗਾ।

**ਸਬਜ਼ੀਆਂ :** ਭਿੰਡੀ ਦੀਆਂ ਪੰਜਾਬ ਸੁਹਾਵਣੀ ਜਾਂ ਪੰਜਾਬ ਲਾਲਿਮਾ ਕਿਸਮਾਂ ਬੀਜਣੀਆਂ ਸ਼ੁਰੂ ਕਰ ਦਿਉ ਕਿਉਂਕਿ ਇਹ ਕਿਸਮਾਂ ਪੀਲੇ ਵਿਸ਼ਾਣੂੰ ਰੋਗ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀਆਂ ਹਨ। 15-20 ਟਨ ਗਲੀ ਸੜੀ ਰੂੜੀ ਤੋਂ ਇਲਾਵਾ 40 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਪਾਉ। ਸਬਜ਼ੀਆਂ ਦੀਆਂ ਖੜ੍ਹੀਆਂ ਫਸਲਾਂ ਨੂੰ ਹਫਤੇ ਵਿਚ ਇਕ ਵਾਰ ਪਾਣੀ ਦਿਉ ਪਰ ਹਲਕੀਆਂ ਜ਼ਮੀਨਾਂ ਵਿਚ ਇਹ ਵਕਫਾ ਚਾਰ ਤੋਂ ਪੰਜ ਦਿਨਾਂ ਬਾਅਦ ਕਰ ਦਿਉ।

**ਪਨੀਰੀ ਤਿਆਰ ਕਰਨਾ :** 20-25 ਟੋਕਰੀਆਂ ਗਲੀ-ਸੜੀ ਰੂੜੀ ਪ੍ਰਤੀ ਮਰਲੇ ਦੇ ਹਿਸਾਬ ਪਾ ਕੇ ਚੰਗੀ ਤਰ੍ਹਾਂ ਮਿੱਟੀ ਵਿਚ ਰਲਾ ਦਿਉ ਅਤੇ ਪਾਣੀ ਦੇ



ਦਿਉ। ਜਦੋਂ ਜ਼ਮੀਨ ਵੱਤਰ ਤੇ ਆ ਜਾਵੇ ਤਾਂ ਨਰਸਰੀ ਬੈੱਡ ਬਣਾਉ। ਗੋਭੀ ਦੀਆਂ ਅਗੇਤੀਆਂ ਕਿਸਮਾਂ ਦਾ 500 ਗ੍ਰਾਮ ਬੀਜ ਅਤੇ ਬੈਂਗਣ ਦੀਆਂ ਪੀ ਬੀ ਐਚ ਆਰ-41, ਪੀ ਬੀ ਐਚ ਆਰ-42, ਪੀ ਬੀ ਐਚ-3, ਪੀ ਬੀ ਐਚ-5, ਪੀ ਬੀ ਐਚ-6, ਪੰਜਾਬ ਹਿੰਮਤ, ਪੰਜਾਬ ਰੌਣਕ ਅਤੇ ਪੰਜਾਬ ਭਰਪੂਰ ਕਿਸਮਾਂ ਦਾ 300 ਗ੍ਰਾਮ ਬੀਜ ਇਕ ਏਕੜ ਦੀ ਨਰਸਰੀ ਤਿਆਰ ਕਰਨ ਲਈ ਇਕ ਮਰਲੇ ਵਿਚ ਬਿਜਾਈ ਕਰੋ। ਸਾਉਣੀ ਦੇ ਗੰਢਿਆਂ ਦੀ ਐਗਰੀਫਾਉਂਡ ਡਾਰਕ ਰੈੱਡ ਕਿਸਮ ਦਾ 5 ਕਿਲੋ ਬੀਜ 8 ਮਰਲੇ ਜਗ੍ਹਾ ਵਿਚ ਬੀਜ ਕੇ ਇਕ ਏਕੜ ਦੀ ਪਨੀਰੀ ਤਿਆਰ ਕਰੋ। ਅਗਸਤ ਵਿਚ ਸਉਣੀ ਰੁੱਤ ਦੇ ਪਿਆਜ਼ ਬੀਜਣ ਲਈ ਤਿਆਰ ਕੀਤੀਆਂ ਗੰਢੀਆਂ ਨੂੰ ਪੁੱਟ ਲਓ ਅਤੇ ਉਨ੍ਹਾਂ ਨੂੰ ਬਿਜਾਈ ਕਰਨ ਲਈ ਟੋਕਰੀਆਂ ਵਿਚ ਪਾ ਕੇ ਠੰਡੀ ਜਗ੍ਹਾ ਤੇ ਸੰਭਾਲ ਕੇ ਰੱਖ ਲਓ।

**ਬਾਗਬਾਨੀ :** ★ ਫਲਾਂ ਨਾਲ ਲੱਦੇ ਬੂਟੇ ਜਿਵੇਂ ਕਿ ਨਿੰਬੂ, ਅੰਬ, ਨਾਸ਼ਪਾਤੀ, ਲੀਚੀ ਆਦਿ ਨੂੰ ਪਾਣੀ ਸਹੀ ਵਕਫੇ ਤੇ ਦਿੰਦੇ ਰਹੋ। ਲੀਚੀ ਦੇ ਦਰਖਤਾਂ ਨੂੰ ਹਫਤੇ ਵਿਚ ਦੋ ਵਾਰ ਪਾਣੀ ਦੇਣ ਨਾਲ ਫਲ ਘੱਟ ਫਟਦਾ ਹੈ ਅਤੇ ਫਲ ਦਾ ਆਕਾਰ ਵੀ ਵਧੀਆ ਹੁੰਦਾ ਹੈ। ਨਵੇਂ ਨਰਮ ਪੌਦਿਆਂ ਨੂੰ ਗਰਮੀ ਤੋਂ ਬਚਾਉਣ ਲਈ ਲਗਾਤਾਰ ਅਤੇ ਹਲਕੀਆਂ ਸਿੰਚਾਈਆਂ ਕਰਦੇ ਰਹੋ, ਤਣਿਆਂ ਤੇ ਚੂਨੇ ਦਾ ਘੋਲ ਲਗਾਓ ਜਾਂ ਕਿਸੇ ਬੋਰੀ ਜਾਂ ਕੱਪੜੇ ਨਾਲ ਢੱਕ ਦਿਓ।

★ ਜੂਨ ਦੇ ਪਹਿਲੇ ਹਫਤੇ ਤੱਕ ਬੇਰਾਂ ਦੀ ਕਾਂਟ-ਛਾਂਟ ਪੂਰੀ ਕਰ ਲਵੋ ਅਤੇ ਬੇਰਾਂ ਨੂੰ ਛਂਗਾਈ ਤੋਂ ਬਾਅਦ ਦੇਸੀ ਰੂੜੀ ਪਾ ਦਿਉ। ਬੇਰੀਆਂ ਦੇ ਬਾਗਾਂ ਦੀ ਕਾਂਟ-ਛਾਂਅ ਤੋਂ ਬਾਅਦ ਵਾਲੀ ਜ਼ਮੀਨ ਤੋਂ ਵਧੇਰੇ ਆਮਦਨ ਲੈਣ ਲਈ ਅੰਤਰਫਸਲ ਦੇ ਤੌਰ ਤੇ ਮੂੰਗਫਲੀ ਦੀ ਕਿਸਮ ਟੀ.ਜੀ. 37ਏ ਬੀਜੀ ਜਾ ਸਕਦੀ ਹੈ।

★ ਇਸ ਮਹੀਨੇ ਅਮਰੂਦਾਂ ਦੇ ਬੂਟਿਆਂ ਨੂੰ ਜੁਲਾਈ-ਅਗਸਤ ਆਉਣ ਵਾਲੇ ਫੁਟਾਰੇ ਦੇ ਚੰਗੇ ਵਾਧੇ ਲਈ ਰਸਾਇਣਿਕ ਖਾਦਾਂ ਪਾ ਦਿਉ ਤਾਂ ਜੋ ਅਗਸਤ-ਸਤੰਬਰ ਵਿਚ ਵੱਧ ਤੋਂ ਵੱਧ ਫੁੱਲ ਪੈਣ।

★ ਅਮਰੂਦਾਂ ਦੇ ਬਾਗਾਂ ਨੂੰ ਜੂਨ ਮਹੀਨੇ ਵਾਹ ਦਿਉ ਤਾਂ ਕਿ ਬਾਗ ਨਦੀਨ ਮੁਕਤ ਹੋ ਸਕਣ ਅਤੇ ਫੱਲ ਦੀ ਮੱਖੀ ਤੇ ਕੋਏ ਘੱਟ ਸਕਣ।

★ ਅੰਬਾਂ ਦੇ ਬੂਟਿਆਂ ਦੇ ਫਲ ਹੋਣ ਕਰਕੇ ਇਸ ਮਹੀਨੇ ਇਕ ਕਿਲੋ ਹੋਰ ਕਿਸਾਨ ਖਾਦ ਪਾਉਣੀ ਚਾਹੀਦੀ ਹੈ।

★ ਨਿੰਬੂ ਜਾਤੀ ਦੇ ਬੂਟਿਆਂ ਤੋਂ ਜ਼ਿੰਕ ਦੀ ਘਾਟ ਦੂਰ ਕਰਨ ਲਈ 0.3 ਪ੍ਰਤੀਸ਼ਤ (3 ਗ੍ਰਾਮ ਪ੍ਰਤੀ ਲਿਟਰ ਪਾਣੀ) ਜ਼ਿੰਕ ਸਲਫੇਟ ਦੇ ਘੋਲ ਦਾ ਛਿੜਕਾਅ ਕਰੋ।

★ ਨਿੰਬੂ ਜਾਤੀ ਦੇ ਕੀੜੇ-ਮਕੌੜਿਆਂ ਦੀ ਰੋਕਥਾਮ ਲਈ 200 ਮਿ. ਲਿ. ਕਰੋਕੋਡਾਈਲ/ਕਨਫੀਡੋਰ 17.8 ਤਾਕਤ ਜਾਂ 160 ਗ੍ਰਾਮ ਐਕਟਾਰਾ / ਦੋਤਾਰਾ ਨੂੰ 25 ਡਬਲਯੂ ਜੀ 500 ਲਿਟਰ ਪਾਣੀ ਵਿਚ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕਰੋ। ਆੜੂ ਦੀ ਫਲ ਦੀ ਮੱਖੀ ਦੀ ਰੋਕਥਾਮ ਲਈ ਹਮਲੇ ਵਾਲੇ ਫਲ ਤੋੜ ਕੇ ਘੱਟੋ-ਘੱਟ 60 ਸੈਂ. ਮੀ. ਡੂੰਘੇ ਦਬਾ ਦਿਉ।

★ ਸੰਤਰੇ ਅਤੇ ਮਾਲਟਿਆਂ ਨੂੰ ਕੋਹੜ (ਸਕੈਬ) ਰੋਗ ਤੋਂ ਬਚਾਉਣ ਲਈ ਬੋਰਡੋ ਮਿਸ਼ਰਣ (2:2:250) ਜਾਂ 0.3% ਕੌਪਰ ਔਕਸੀਕਲੋਰਾਈਡ (3 ਗ੍ਰਾਮ ਪ੍ਰਤੀ ਲਿਟਰ ਪਾਣੀ) ਇਸੇ ਤਰ੍ਹਾਂ ਅੰਬਾਂ ਅਤੇ ਨਾਖਾਂ ਦੇ ਬੂਟਿਆਂ ਨੂੰ ਉੱਲੀ ਦੇ ਰੋਗਾਂ ਤੋਂ ਬਚਾਉਣ ਲਈ ਵੀ ਬੋਰਡੋ ਮਿਸ਼ਰਣ ਦਾ ਛਿੜਕਾਅ ਕਰੋ।

★ ਅੰਗੂਰਾਂ ਦੇ ਗੁੱਛਿਆਂ ਨੂੰ ਗਲਣ ਤੋਂ ਬਚਾਉਣ ਲਈ 0.2 ਪ੍ਰਤੀਸ਼ਤ (2 ਗ੍ਰਾਮ ਪ੍ਰਤੀ ਲਿਟਰ ਪਾਣੀ) ਜ਼ੀਰਮ ਦਾ ਛਿੜਕਾਅ ਕਰੋ। ਇਹ ਛਿੜਕਾਅ ਤੁੜਾਈ ਤੋਂ 7 ਦਿਨ ਪਹਿਲਾਂ ਬੰਦ ਕਰ ਦਿਉ।

**ਵਣ ਖੇਤੀ : ਪਾਪਲਰ**

★ ਪਾਪਲਰ ਦੇ ਸਹੀ ਵਾਧੇ ਅਤੇ ਗਰਮੀ ਤੋਂ ਬਚਾਉਣ ਲਈ ਬੂਟਿਆਂ ਨੂੰ ਸੱਤ ਦਿਨ ਦੇ ਵਕਫੇ ਤੇ ਸਿੰਚਾਈ ਦਿੰਦੇ ਰਹੋ। ਜ਼ਿੰਕ ਦੀ ਘਾਟ ਵਾਲੀਆਂ ਜ਼ਮੀਨਾ ਵਿਚ 100, 200 ਅਤੇ 300 ਗ੍ਰਾਮ ਜ਼ਿੰਕ ਸਲਫੇਟ (21% ਜ਼ਿੰਕ) ਪ੍ਰਤੀ ਬੂਟੇ ਦੇ ਹਿਸਾਬ ਨਾਲ ਕ੍ਰਮਵਾਰ ਇਕ, ਤਿੰਨ ਅਤੇ ਪੰਜ ਸਾਲ ਦੀ ਉਮਰ ਦੀਆਂ ਪਲਾਂਟੇਸ਼ਨਾਂ ਨੂੰ ਪਾਓ। ਖਾਦ ਨੂੰ ਮਿੱਟੀ ਵਿਚ ਰਲਾ ਕੇ ਪਾ ਦਿਉ ਅਤੇ ਹਲਕੀ ਸਿੰਚਾਈ ਦੇ ਦਿਉ।

★ ਪਾਪਲਰ ਦੇ ਪੱਤੇ ਝਾੜਨ ਵਾਲੀ ਸੁੰਡੀ ਜਾਂ ਪੱਤਾ ਲਪੇਟ ਸੁੰਡੀ ਦਾ ਹਮਲਾ ਹੋਣ ਤੇ ਬੂਟਿਆਂ ਦੇ ਜਿਨ੍ਹਾਂ ਪੱਤਿਆਂ ਉੱਤੇ ਇਨ੍ਹਾਂ ਦੀਆਂ ਸੁੰਡੀਆਂ ਜਾਂ ਅੰਡੇ ਹੋਣ ਉਨ੍ਹਾਂ ਨੂੰ ਤੋੜ ਕੇ, ਇਕੱਠੇ ਕਰਕੇ ਨਸ਼ਟ ਕਰ ਦਿਉ। ਪਾਪਲਰ ਦੇ ਤਿੰਨ ਸਾਲ ਦੀ ਉਮਰ ਤੱਕ ਦੇ ਬੂਟਿਆਂ ਵਿਚ ਝੋਨੇ ਤੋਂ ਇਲਾਵਾ ਸਾਉਣੀ ਦੀਆਂ ਸਾਰੀਆਂ ਫਸਲਾਂ ਉਗਾਈਆਂ ਜਾ ਸਕਦੀਆਂ ਹਨ।

**ਸਜਾਵਟੀ ਬੂਟੇ :**

**ਗੁਲਦਾਊਦੀ :** ਇਸ ਮਹੀਨੇ ਦੇ ਦੂਜੇ ਜਾਂ ਤੀਜੇ ਹਫਤੇ ਗੁਲਦਾਉਦੀ ਦੀਆਂ ਨਰਮ ਕਲਮਾਂ ਲਾ ਦਿਓ। ਕਲਮਾਂ ਬਣਾਉਣ ਲਈ ਗੁਲਦਾਊਦੀ ਦੇ ਬੂਟਿਆਂ ਦੇ 5-7 ਸੈਂ. ਮੀ. ਲੰਬੇ ਟੂਸੇ ਤੋੜ ਕੇ ਹੇਠਲੇ ਦੋ ਤਿਹਾਈ ਹਿੱਸੇ ਤੋਂ ਪੱਤੇ ਤੋੜ ਦਿਓ ਅਤੇ ਛਾਂ ਹੇਠ ਰੇਤ ਜਾਂ ਪਲੱਗ ਟਰੇਅ ਵਿਚ ਲਗਾ ਦਿਓ।

**ਮੌਸਮੀ ਫੁੱਲ :** ਬਰਸਾਤ ਰੁੱਤ ਦੇ ਮੌਸਮੀ ਫੁੱਲ ਜਿਵੇਂ ਕਿ ਬਾਲਸਮ, ਗੈਲਾਰਡੀਆ, ਕੌਸਮੌਸ, ਕੁੱਕੜ ਕਲਗੀਆਂ ਆਦਿ ਦੀ ਪਨੀਰੀ ਨਰਸਰੀ ਬੈੱਡ ਉੱਪਰ ਤਿਆਰ ਕਰਨੀ ਸ਼ੁਰੂ ਕਰ ਦਿਉ। ਬਾਲਸਮ ਦੇ ਬੀਜ ਨੂੰ ਕਿਆਰੀਆਂ ਵਿਚ ਸਿੱਧਾ ਵੀ ਬੀਜਿਆ ਜਾ ਸਕਦਾ ਹੈ।

**ਲਾਅਨ :** ਇਸ ਮਹੀਨੇ ਲਾਅਨ ਨੂੰ ਹਫਤੇ ਵਿਚ ਦੋ ਵਾਰੀ ਪਾਣੀ ਜ਼ਰੂਰ ਦਿਓ। ਜ਼ਿਆਦਾ ਗਿੱਲੇ ਹੋਣ ਤੇ ਘਾਹ ਉੱਪਰ ਨਾ ਤੁਰੋ।

ਚੱਲਦਾ

# ਭਾਰਤੀ ਖੇਤੀ ਦੇ ਮੁੱਦੇ ਵਿਕਸਿਤ ਦੇਸ਼ਾਂ ਨਾਲੋਂ ਵੱਖਰੇ



ਡਾ. ਸ. ਸ. ਛੀਨਾ

ਭਾਰਤ ਦੀ ਵੱਸੋਂ ਲਈ ਤਿੰਨਾਂ ਖੇਤਰਾਂ ਖੇਤੀ, ਉਦਯੋਗ ਅਤੇ ਸੇਵਾਵਾਂ ਵਿੱਚੋਂ ਖੇਤੀ ਸਭ ਤੋਂ ਮਹੱਤਵਪੂਰਨ ਖੇਤਰ ਸਿਰਫ ਇਸ



ਕਰਕੇ ਨਹੀਂ ਕਿ ਲੋਕਤੰਤਰ ਵਿੱਚ ਕੇਂਦਰ ਦੀ ਪਾਰਲੀਮੈਂਟ ਅਤੇ ਪ੍ਰਾਂਤਾਂ ਦੀਆਂ ਵਿਧਾਨ ਸਭਾਵਾਂ ਵਿੱਚ ਸਭ ਤੋਂ ਵੱਡਾ ਵੋਟ ਬੈਂਕ ਇਹ ਖੇਤਰ ਹੈ । ਇਹ ਇਸ ਕਰਕੇ ਵੀ ਹੈ ਕਿ ਖੇਤੀ ਅਤੇ ਗੈਰ-ਖੇਤੀ ਖੇਤਰ ਦੀ ਆਮਦਨ ਵਿੱਚ ਵੱਡਾ ਫ਼ਰਕ ਹੈ ਅਤੇ ਦਿਨ-ਬ-ਦਿਨ ਇਹ ਵਧਦਾ ਜਾ ਰਿਹਾ ਹੈ । ਜਿਹੜੀ ਖੇਤੀ 1950 ਵਿੱਚ ਭਾਰਤ ਦੇ ਕੁੱਲ ਘਰੇਲੂ ਉਤਪਾਦਨ ਵਿੱਚ 70 ਫੀਸਦੀ ਦਾ ਹਿੱਸਾ ਪਾਉਂਦੀ ਸੀ, ਉਹ ਹੁਣ ਘਟਦੀ-ਘਟਦੀ ਸਿਰਫ 14 ਫੀਸਦੀ ਰਹਿ ਗਈ ਹੈ ।

ਸੰਨ 2017 ਵਿੱਚ ਪ੍ਰਧਾਨ ਮੰਤਰੀ ਮੋਦੀ ਦਾ ਇਹ ਸੰਕਲਪ ਕਿ 2022 ਤੱਕ ਇਹ ਖੇਤੀ ਆਮਦਨ ਦੁੱਗਣੀ ਕਰ ਦਿੱਤੀ ਜਾਵੇਗੀ, ਦਾ ਹਰੇਕ ਨੇ ਸਵਾਗਤ ਕੀਤਾ ਸੀ । ਉਸ ਲਈ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ, ਪਰ ਉਹ ਕੁੱਲ ਘਰੇਲੂ ਖੇਤਰ ਵਿੱਚ 55 ਫੀਸਦੀ ਦਾ ਹਿੱਸਾ ਪਾਉਂਦੀ ਹੈ, ਜਦੋਂਕਿ ਉਦਯੋਗਾਂ ਵਿੱਚ ਲੱਗੀ 15 ਫੀਸਦੀ ਵੱਸੋਂ ਕੁੱਲ ਜੀ. ਡੀ. ਪੀ. ਵਿੱਚ 29 ਫੀਸਦੀ ਹਿੱਸਾ ਪਾਉਂਦੀ ਹੈ । ਖੇਤੀ ਵਿੱਚ 52 ਫੀਸਦੀ ਦੇ ਹਿੱਸੇ ਜੇ ਸਿਰਫ 14 ਫੀਸਦੀ ਆਉਂਦੇ ਹਨ ਤਾਂ ਇਸ ਦਾ ਅਰਥ ਹੈ ਕਿ ਬਾਕੀ 48 ਫੀਸਦੀ ਵੱਸੋਂ ਦੇ ਹਿੱਸੇ 88 ਫੀਸਦੀ ਆਮਦਨ ਆਉਂਦੀ ਹੈ । ਵਿਕਾਸ ਦੀ ਕਿਰਿਆ ਵਿੱਚ ਖੇਤੀ ਦਾ ਵਿਕਾਸ ਪਹਿਲਾਂ ਹੁੰਦਾ ਹੈ ਅਤੇ ਖੇਤੀ ਵਾਲੀ ਵੱਸੋਂ ਹੋਰ ਖੇਤਰਾਂ ਜਿਵੇਂ ਉਦਯੋਗਾਂ ਅਤੇ ਸੇਵਾਵਾਂ ਵੱਲ ਬਦਲਦੀ ਰਹਿੰਦੀ ਹੈ । ਜ਼ਿਆਦਾ ਵਿਕਸਿਤ ਦੇਸ਼ਾਂ ਵਿੱਚ ਉਦਯੋਗਾਂ ਦਾ ਜੀ. ਡੀ. ਪੀ. ਜ਼ਿਆਦਾ ਹੈ, ਜਦੋਂ ਕਿ ਸੇਵਾਵਾਂ ਦਾ ਦੂਸਰੇ ਨੰਬਰ 'ਤੇ ਹੈ, ਪਰ ਭਾਰਤ ਵਿੱਚ ਇਸ ਦੇ ਉਲਟ ਉਦਯੋਗਿਕ ਖੇਤਰ ਨਾਲੋਂ ਸੇਵਾਵਾਂ ਦੇ ਖੇਤਰ ਦੀ ਆਮਦਨ ਦਾ ਹਿੱਸਾ ਹੈ । ਭਾਰਤ ਦੀ ਤਰ੍ਹਾਂ ਵਿਕਸਿਤ ਦੇਸ਼ਾਂ ਵਿੱਚ ਵੀ ਖੇਤੀ ਦਾ ਯੋਗਦਾਨ ਉਨ੍ਹਾਂ ਦੇਸ਼ਾਂ ਵਿੱਚ ਸਿਰਫ 5 ਫੀਸਦੀ ਜਾਂ ਇਸ ਤੋਂ ਵੀ ਘੱਟ ਹੈ, ਪਰ ਉਨ੍ਹਾਂ ਦੇਸ਼ਾਂ ਦੀ ਵੱਸੋਂ ਵੀ 5 ਫੀਸਦੀ ਤੋਂ ਘੱਟ ਹੈ ।

ਇਸ ਲਈ ਉਨ੍ਹਾਂ ਦੀ ਤਰ੍ਹਾਂ ਜੇ ਭਾਰਤ ਵਿੱਚ ਵੀ ਜੀ. ਡੀ. ਪੀ. 14 ਫੀਸਦੀ ਦੀ ਤਰ੍ਹਾਂ ਵੱਸੋਂ ਵੀ 14 ਫੀਸਦੀ ਹੋਵੇ ਤਾਂ ਕੋਈ ਮੁਸ਼ਕਲ ਹੀ ਨਹੀਂ ਪਰ ਇਹ ਕਦੇ ਵੀ ਨਹੀਂ ਹੋ ਸਕਦਾ, ਸਗੋਂ ਖੇਤੀ ਵਿੱਚ ਹੋਰ ਵਿਕਾਸ ਹੋਣ ਦੇ ਬਾਵਜੂਦ ਖੇਤੀ ਦਾ ਹਿੱਸਾ ਹੋਰ ਘੱਟ ਜਾਵੇਗਾ ਅਤੇ ਗੈਰ-ਖੇਤੀ ਦਾ ਹੋਰ ਵੱਧ ਜਾਵੇਗਾ । ਖੇਤੀ 'ਤੇ ਵੱਸੋਂ ਘਟਣ ਦਾ ਕਾਰਨ ਇਹ ਹੈ ਕਿ ਦੇਸ਼ ਵਿੱਚ ਗੈਰ-ਖੇਤੀ ਵਿੱਚ ਹੋਰ ਪੇਸ਼ੇ ਇਸ ਤਰ੍ਹਾਂ ਵਿਕਸਿਤ ਨਹੀਂ ਹੋ ਰਹੇ ਕਿ ਉਹ ਖੇਤੀ ਤੋਂ ਵਿਹਲੀ ਵੱਸੋਂ ਨੂੰ ਰੁਜ਼ਗਾਰ ਦੇ ਸਕਣ । ਇਸ ਦੇ ਨਾਲ ਹੀ ਭਾਰਤੀ ਖੇਤੀ ਨਾਲ ਇੱਕ ਹੋਰ ਤੱਤ ਸਬੰਧਤ ਹੈ ਕਿ ਖੇਤੀ ਪਿੰਡਾਂ ਦਾ ਮੁੱਖ ਪੇਸ਼ਾ ਹੈ ਅਤੇ ਵਿਕਾਸ ਵਿੱਚ ਸ਼ਹਿਰਾਂ ਅਤੇ ਪਿੰਡਾਂ ਦਾ ਲਗਾਤਾਰ ਵਿਕਾਸ ਦਾ ਫਰਕ ਰਿਹਾ ਹੈ । ਅਜੇ ਵੀ ਦੇਸ਼ ਦੀ 70 ਫੀਸਦੀ ਆਬਾਦੀ ਪਿੰਡਾਂ ਵਿੱਚ ਰਹਿੰਦੀ ਹੈ ।

ਪਿੰਡਾਂ ਵਿੱਚ ਗੈਰ-ਖੇਤੀ ਪੇਸ਼ਿਆਂ ਦੇ ਨਾ ਵੱਧਣ ਕਰਕੇ ਪਿੰਡ ਵਾਸੀਆਂ ਨੂੰ ਰੁਜ਼ਗਾਰ ਲਈ ਸ਼ਹਿਰਾਂ ਵਿੱਚ ਜਾਣਾ ਹੁੰਦਾ ਹੈ । ਇਹ ਗੱਲ ਭਲੀ-ਭਾਂਤ ਸਾਹਮਣੇ ਆਈ, ਜਦੋਂ ਕੋਵਿਡ ਦੇ ਸਮੇਂ ਵੱਡੇ-ਵੱਡੇ ਸ਼ਹਿਰਾਂ ਦੇ ਕਰੋੜਾਂ ਲੋਕ ਆਪਣੇ ਥੋੜ੍ਹੇ ਜਿਹੇ ਸਾਮਾਨ ਨੂੰ ਆਪਣੇ ਸਾਈਕਲਾਂ 'ਤੇ ਜਾਂ ਆਪਣੇ ਸਿਰਾਂ 'ਤੇ ਰੱਖ ਕੇ ਸੈਂਕੜੇ ਮੀਲ ਪੈਦਲ ਜਾਂਦੇ ਰਹੇ, ਜੋ ਇਸ ਗੱਲ ਨੂੰ ਸਾਬਿਤ ਕਰਦੀ ਹੈ ਕਿ ਸ਼ਹਿਰ ਵਿੱਚ ਆ ਕੇ ਵੀ ਉਹ ਕਿਰਤੀ ਆਪਣੇ ਪੱਕੇ ਘਰ ਨਾ ਬਣਾ ਸਕੇ ਅਤੇ ਉਸ ਤਰ੍ਹਾਂ ਹੀ ਗਰੀਬੀ ਭੋਗਦੇ ਰਹੇ, ਜਿਸ ਤਰ੍ਹਾਂ ਪਿੰਡਾਂ ਵਿੱਚ ਭੋਗਦੇ ਸਨ । ਭਾਰਤ ਵਿੱਚ 4 ਕਰੋੜ ਬੱਚੇ ਬਾਲ ਕਿਰਤ ਕਰਨ ਲਈ ਮਜ਼ਬੂਰ ਹਨ, ਜਿਸ ਦੀ ਵਜ੍ਹਾ ਨਾਲ ਬਾਲਗਾਂ ਲਈ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਹੈ, ਪਰ ਬੱਚਿਆਂ ਦੀ ਕਿਰਤ ਦੇ ਅਨੇਕ ਮੌਕੇ ਹਨ । ਇਹ ਬੱਚੇ ਜੋ ਕਿਰਤ ਕਰ ਰਹੇ ਹਨ, ਇਨ੍ਹਾਂ ਵਿੱਚ ਜੇ ਸਾਰੇ ਨਹੀਂ ਤਾਂ ਜ਼ਿਆਦਾਤਰ ਪਿੰਡਾਂ ਨਾਲ ਸੰਬੰਧਿਤ ਹਨ, ਭਾਵੇਂ ਗਰੀਬੀ ਦੀ ਪਰਿਭਾਸ਼ਾ ਵਿਵਾਦਮਈ ਹੈ । ਦੇਸ਼ ਦੇ 30 ਕਰੋੜ ਤੋਂ ਵੱਧ ਲੋਕ ਗਰੀਬੀ ਰੇਖਾ ਤੋਂ ਥੱਲੇ ਰਹਿੰਦੇ ਹਨ, ਜਿਨ੍ਹਾਂ ਵਿੱਚ ਜ਼ਿਆਦਾ ਗਿਣਤੀ ਪੇਂਡੂ ਲੋਕਾਂ ਦੀ ਹੈ । ਪਿੱਛੇ ਜਿਹੇ ਇੱਕ ਰਿਪੋਰਟ ਆਈ ਸੀ ਕਿ ਉਚੇਰੀ ਸਿੱਖਿਆ ਦੀਆਂ ਸੰਸਥਾਵਾਂ ਵਿੱਚ ਪਿੰਡਾਂ ਦੇ ਸਿਰਫ 4 ਫੀਸਦੀ ਵਿਦਿਆਰਥੀ ਹਨ ਅਤੇ 14 ਸਾਲ ਤੱਕ ਭਾਵੇਂ ਵਿੱਦਿਆ ਮੁਫ਼ਤ ਹੈ, ਫਿਰ ਵੀ ਭਾਰਤ ਵਿੱਚ ਪੜ੍ਹੇ-ਲਿਖਿਆਂ ਦੀ ਦਰ ਸਿਰਫ 74 ਫੀਸਦੀ ਹੈ ਜਾਂ 100 ਵਿੱਚੋਂ 26 ਬੱਚੇ ਅਨਪੜ੍ਹ ਹਨ । ਅੱਠਵੀਂ ਜਮਾਤ ਤੋਂ ਪਹਿਲਾਂ ਸਕੂਲ ਛੱਡਣ ਵਾਲੇ ਬੱਚਿਆਂ ਵਿੱਚ ਜ਼ਿਆਦਾ ਗਿਣਤੀ ਪੇਂਡੂ ਬੱਚਿਆਂ ਦੀ ਹੈ ।

ਦਰਅਸਲ, ਭਾਰਤ ਦੀ ਖੇਤੀ ਵੱਸੋਂ ਦੇ ਭਾਰ ਹੇਠ ਦੱਬੀ ਹੋਈ ਹੈ । ਭਾਰਤ ਵਿੱਚ ਦੁਨੀਆਂ ਦੀ ਕੁੱਲ ਵੱਸੋਂ ਦਾ 17.6

> ਭਾਰਤ ਦੇ 40% ਉਹ ਕਿਸਾਨ ਹਨ, ਜਿਨ੍ਹਾਂ ਦੀ ਖੇਤੀ ਜੋਤ ਇੱਕ ਏਕੜ ਤੋਂ ਵੀ ਘੱਟ ਹੈ । ਉਨ੍ਹਾਂ ਨੂੰ ਸਮਰਥਨ ਕੀਮਤ 'ਤੇ ਯਕੀਨੀ ਮੰਡੀਕਰਨ ਦਾ ਲਾਭ ਵੀ ਨਹੀਂ ਮਿਲ ਸਕਦਾ, ਕਿਉਂ ਜੋ ਉਨ੍ਹਾਂ ਨੂੰ...

ਫੀਸਦੀ ਰਹਿੰਦਾ ਹੈ, ਜਿਸ ਕਰਕੇ ਵੱਸੋਂ ਦੇ ਹਿਸਾਬ ਨਾਲ ਭਾਰਤ ਦੁਨੀਆਂ ਦਾ ਪਹਿਲੇ ਨੰਬਰ ਦਾ ਦੇਸ਼ ਹੈ, ਪਰ ਖੇਤਰ ਵਿੱਚ ਸਿਰਫ 9.4 ਫੀਸਦੀ ਹੈ, ਜਦੋਂਕਿ ਪਾਣੀ ਜੋ ਖੇਤੀ ਲਈ ਸਭ ਤੋਂ ਜ਼ਿਆਦਾ ਲੋੜੀਂਦਾ ਹੈ, ਉਸ ਦੇ ਸਾਧਨ ਸਿਰਫ 4 ਫੀਸਦੀ ਹਨ, ਜਿਹੜੇ ਖੇਤੀ ਲੋੜਾਂ ਤੋਂ ਕਿਤੇ ਘੱਟ ਹਨ । ਪੰਜਾਬ, ਹਰਿਆਣਾ ਅਤੇ ਯੂ. ਪੀ. ਜਿੱਥੇ ਹਰਾ ਇਨਕਲਾਬ ਜ਼ਿਆਦਾ ਕਾਮਯਾਬ ਹੋਇਆ ਸੀ, ਉਥੇ 66 ਫੀਸਦੀ ਪਾਣੀ ਧਰਤੀ ਦੇ ਹੇਠੋਂ ਟਿਊਬਵੈਲਾਂ ਨਾਲ ਕੱਢਿਆ ਜਾ ਰਿਹਾ ਹੈ । ਇਸ ਤਰ੍ਹਾਂ ਵਿਕਸਿਤ ਦੇਸ਼ਾਂ ਵਿੱਚ ਨਹੀਂ ਹੁੰਦਾ । ਪਾਣੀ ਅਤੇ ਧਰਤੀ ਦੀ ਬਹੁਤਾਤ ਹੈ । ਉਪਜ ਵਧਾਉਣ ਲਈ ਵਿਸ਼ਾਲ ਖੇਤੀ ਅਪਣਾਈ ਜਾ ਸਕਦੀ ਹੈ । ਹੋਰ ਖੇਤਰਾਂ ਨੂੰ ਖੇਤੀ ਅਧੀਨ ਲੈ ਆਉਣਾ ਚਾਹੀਦਾ ਹੈ, ਪਰ ਭਾਰਤ ਵਿੱਚ ਵਿਸ਼ਾਲ ਖੇਤੀ ਦਾ ਕੋਈ ਮੌਕਾ ਨਹੀਂ । ਹੋਰ ਖਾਦਾਂ, ਰਸਾਇਣਾਂ ਅਤੇ ਮਿਹਨਤ ਨਾਲ ਸੀਮਤ ਭੂਮੀ ਤੋਂ ਜ਼ਿਆਦਾ ਉਪਜ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਕਰਕੇ ਜਿੱਥੇ ਉਹ ਰਸਾਇਣ ਹਵਾ, ਪਾਣੀ ਅਤੇ ਧਰਤੀ ਵਿੱਚ ਘੁੱਲਣ ਤੋਂ ਬਾਅਦ ਖੁਰਾਕ ਵਿੱਚ ਘੁੱਲ ਕੇ ਕਈ ਬਿਮਾਰੀਆਂ ਦਾ ਕਾਰਨ ਬਣ ਗਏ ਹਨ, ਉਥੇ ਹੀ ਉਨ੍ਹਾਂ ਵਿੱਚ ਜ਼ਿਆਦਾ ਰਸਾਇਣਾਂ ਦੀ ਲੋੜ ਨਹੀਂ । ਭਾਰਤ ਵਿੱਚ 15 ਵੱਖ-ਵੱਖ ਜਲਵਾਯੂ ਆਧਾਰਿਤ ਖੇਤੀ ਜ਼ੋਨ ਹਨ । ਹਰ ਜ਼ੋਨ ਦਾ ਫ਼ਸਲ ਚੱਕਰ ਵੱਖਰਾ ਹੈ, ਪਰ ਭਾਰਤ ਵਿੱਚ ਜਿਨ੍ਹਾਂ ਫ਼ਸਲਾਂ ਲਈ ਯਕੀਨੀ ਮੰਡੀਕਰਨ ਹੈ, ਉਹੋ ਹੀ ਬੀਜੀਆਂ ਜਾਂਦੀਆਂ ਹਨ, ਭਾਵੇਂ ਉਹ ਜਲਵਾਯੂ ਜਾਂ ਧਰਤੀ ਨਾਲ ਸੰਬੰਧਿਤ ਹਨ ਜਾਂ ਨਹੀਂ ।

ਭਾਰਤ ਦੀ ਧਰਤੀ ਰਸਾਇਣਾਂ ਨਾਲ ਹਰ ਸਾਲ ਕਮਜ਼ੋਰ ਹੋ ਰਹੀ ਹੈ, ਜੋ ਉਨ੍ਹਾਂ ਵਿਕਸਿਤ ਦੇਸ਼ਾਂ ਦੀ ਮੁਸ਼ਕਲ ਨਹੀਂ । ਵਿਕਸਿਤ ਦੇਸ਼ਾਂ ਵਿੱਚ 82 ਫੀਸਦੀ ਖੇਤੀ ਵਸਤਾਂ ਨੂੰ ਤਿਆਰ ਕਰਕੇ ਦੇਸ਼ ਵਿੱਚ ਜਾਂ ਵਿਦੇਸ਼ਾਂ ਵਿੱਚ ਵੇਚਿਆ ਜਾਂਦਾ ਹੈ । ਜਿਹੜੀ ਫ਼ਸਲ ਬੀਜੀ ਜਾਂਦੀ ਹੈ, ਉਸ 'ਤੇ ਆਧਾਰਿਤ ਉਦਯੋਗਿਕ ਇਕਾਈ ਉਸ ਫਾਰਮ 'ਤੇ ਹੀ ਲਾਈ ਗਈ ਹੈ, ਜਿਵੇਂ ਕਿ ਜਿੱਥੇ ਅੰਗੂਰਾਂ ਦੀ ਖੇਤੀ ਕੀਤੀ ਜਾਂਦੀ ਹੈ, ਉੱਥੇ ਅੰਗੂਰਾਂ ਤੋਂ ਬਣਨ ਵਾਲੀਆਂ ਵਸਤਾਂ ਜਿਵੇਂ ਗੁਲੂਕੋਜ਼, ਸ਼ਰਾਬ ਆਦਿ ਦੀ ਫੈਕਟਰੀ ਹੈ । ਚੁਕੰਦਰ



ਦੇ ਫਾਰਮ 'ਤੇ ਖੰਡ ਮਿੱਲ ਹੈ, ਦਾਲਾਂ ਦੇ ਫਾਰਮ 'ਤੇ ਦਾਲਾਂ ਤਿਆਰ ਕਰਨ ਵਾਲਾ ਪਲਾਂਟ ਹੈ ਆਦਿ । ਪਰ ਭਾਰਤ ਵਿੱਚ ਪਹਿਲਾਂ ਨਾ ਸਿਰਫ 12 ਫੀਸਦੀ ਵਸਤਾਂ ਹੀ ਤਿਆਰ ਕਰਕੇ ਡੱਬਾਬੰਦ ਕੀਤੀਆਂ ਜਾਂਦੀਆਂ ਹਨ, ਫਿਰ ਛੋਟੇ ਕਿਸਾਨ ਹੋਣ ਕਰਕੇ ਉਹ ਉਦਯੋਗਿਕ ਇਕਾਈਆਂ ਉਨ੍ਹਾਂ ਦੇ ਫਾਰਮਾਂ 'ਤੇ ਨਹੀਂ, ਸਗੋਂ ਸ਼ਹਿਰਾਂ ਵਿੱਚ ਫਾਰਮਾਂ ਤੋਂ ਦੂਰ ਹਨ, ਭਾਵੇਂ ਕੱਚਾ ਮਾਲ ਪਿੰਡਾਂ ਤੋਂ ਹੀ ਲਿਆ ਜਾਂਦਾ ਹੈ । ਖੇਤੀ ਉਪਜ ਵਧਾਉਣ ਲਈ ਸਭ ਤੋਂ ਮਹੱਤਵਪੂਰਨ ਤੱਤ ਭੂਮੀ ਹੈ । ਉਦਯੋਗਾਂ ਵਿੱਚ ਤਾਂ 20 ਮਸ਼ੀਨਾਂ ਦਾ ਬਦਲ ਇੱਕ ਮਸ਼ੀਨ ਵੀ ਹੋ ਸਕਦਾ ਹੈ, ਪਰ ਖੇਤੀ ਵਿੱਚ 20 ਏਕੜ ਦਾ ਬਦਲ ਇੱਕ ਏਕੜ ਨਹੀਂ ਹੋ ਸਕਦਾ ਹੈ । ਭਾਰਤ ਦੇ 40 ਫੀਸਦੀ ਉਹ ਕਿਸਾਨ ਹਨ, ਜਿਨ੍ਹਾਂ ਦੀ ਖੇਤੀ ਜੋਤ ਸਿਰਫ 1 ਏਕੜ ਤੋਂ ਵੀ ਘੱਟ ਹੈ । ਉਨ੍ਹਾਂ ਨੂੰ ਸਮਰਥਨ ਕੀਮਤ ਅਤੇ ਯਕੀਨੀ ਮੰਡੀਕਰਨ ਦਾ ਲਾਭ ਵੀ ਨਹੀਂ ਮਿਲ ਸਕਦਾ, ਕਿਉਂ ਜੋ ਉਨ੍ਹਾਂ ਨੂੰ ਤਾਂ ਆਪ ਕਣਕ ਅਤੇ ਛੋਲਾ ਖਰੀਦਣਾ ਪੈਂਦਾ ਹੈ ।

ਬਹੁਤ ਸਾਰੇ ਖੇਤੀ ਕਰਨ ਵਾਲੇ ਖੇਤੀ ਵਸਤਾਂ ਵੀ ਬਾਜ਼ਾਰ ਤੋਂ ਖਰੀਦਣ ਲਈ ਮਜ਼ਬੂਰ ਹਨ । ਖੇਤੀ ਅਰਥ-ਸ਼ਾਸਤਰੀਆਂ ਦਾ ਵਿਚਾਰ ਹੈ ਕਿ ਉਹ ਖੇਤੀ ਜੋਤ ਜਿਹੜੀ 15 ਏਕੜ ਤੋਂ ਘੱਟ ਹੈ, ਉਹ ਕਿਸਾਨ ਦੇ ਪਰਿਵਾਰ ਦੀਆਂ ਲੋੜਾਂ ਵੀ ਪੂਰੀਆਂ ਨਹੀਂ ਕਰ ਸਕਦੀ, ਪਰ ਭਾਰਤ ਵਿੱਚ ਸਿਰਫ 7 ਫੀਸਦੀ ਹੀ ਉਹ ਕਿਸਾਨ ਹਨ, ਜਿਨ੍ਹਾਂ ਦੀਆਂ ਜੋਤਾਂ 15 ਏਕੜਾਂ ਤੋਂ ਵੱਧ ਹਨ । ਭਾਰਤ ਦੇ 79 ਫੀਸਦੀ ਕਿਸਾਨ ਕਰਜ਼ਾਈ ਹਨ, ਪਰ ਖੇਤੀ ਜੋਤ ਅਤੇ ਕਰਜ਼ੇ ਦਾ ਸਹਿ ਸਬੰਧ ਹੈ, ਜਿਸ ਦਾ ਅਰਥ ਹੈ ਕਿ ਜਿਸ ਦੀ ਜੋਤ ਵੱਡੀ ਹੈ, ਉਹ ਜ਼ਿਆਦਾ ਕਰਜ਼ਾਈ ਹੈ, ਕਿਉਂ ਜੋ ਉਸ ਦੀ ਕਰਜ਼ਾ ਲੈਣ ਦੀ ਸਮਰੱਥਾ ਜ਼ਿਆਦਾ ਹੈ, ਪਰ ਇਸ ਤਰ੍ਹਾਂ ਵਿਕਸਿਤ ਦੇਸ਼ਾਂ ਵਿੱਚ ਨਹੀਂ ਹੈ ।

ਇਨ੍ਹਾਂ ਹਾਲਤਾਂ ਵਿੱਚ ਕਿਸਾਨ ਦੀ ਸਥਿਤੀ ਸੁਧਾਰਨ ਲਈ ਉਹ ਮਾਡਲ ਨਹੀਂ ਅਪਣਾਇਆ ਜਾ ਸਕਦਾ ਹੈ, ਜੋ ਵਿਕਸਿਤ ਦੇਸ਼ਾਂ ਵਿੱਚ ਅਪਣਾਇਆ ਜਾ ਰਿਹਾ ਹੈ । ਭੂਮੀ ਤਾਂ ਵਧਾਈ ਨਹੀਂ ਜਾ ਸਕਦੀ । ਸੰਘਣੀ ਖੇਤੀ ਮਜ਼ਬੂਰੀ ਹੈ, ਪਰ ਧਰਤੀ ਦੇ ਕਮਜ਼ੋਰ ਹੋਣ ਤੋਂ ਬਚਾਅ ਕਰਨ ਲਈ ਰਸਾਇਣਾਂ ਦੀ ਜਗ੍ਹਾਂ ਜੈਵਿਕ ਖਾਦਾਂ ਦੀ ਵਰਤੋਂ ਵਧਣੀ ਚਾਹੀਦੀ ਹੈ । ਪ੍ਰਾਂਤ ਦੀਆਂ ਮੁੱਖ ਫ਼ਸਲਾਂ ਲਈ ਪ੍ਰਾਂਤਾਂ ਦੀਆਂ ਸਰਕਾਰਾਂ ਨੂੰ ਕੇਂਦਰ ਸਰਕਾਰ ਨਾਲ ਮਿਲ ਕੇ ਯਕੀਨੀ ਮੰਡੀਕਰਨ ਅਤੇ ਘੱਟੋ-ਘੱਟ ਸਮਰਥਨ ਮੁੱਲ ਦਿੱਤਾ ਜਾਵੇ । ਗੈਰ-ਖੇਤੀ ਕਾਰੋਬਾਰਾਂ ਨੂੰ ਪਿੰਡਾਂ ਵਿੱਚ ਯੋਜਨਾਵਾਂ ਅਨੁਸਾਰ ਲਾਗੂ ਕੀਤਾ ਜਾਵੇ, ਨਹਿਰੀ ਪਾਣੀ ਦੀ ਵਰਤੋਂ ਵਧਾਈ ਜਾਵੇ ਅਤੇ ਸਭ ਤੋਂ ਉਪਰ ਉਸ ਖੇਤਰ ਦੀ ਉਪਜ ਅਨੁਸਾਰ, ਸਹਿਕਾਰੀ ਖੇਤਰ ਅਧੀਨ ਉਦਯੋਗਿਕ ਇਕਾਈਆਂ ਚਾਲੂ ਕੀਤੀਆਂ ਜਾਣ ਤਾਂ ਕਿ ਖੇਤੀ ਤੋਂ ਇਲਾਵਾ ਹੋਰ ਪੇਸ਼ਿਆਂ ਵਿੱਚ ਕਾਰੋਬਾਰ ਨੂੰ ਹੁਲਾਰਾ ਮਿਲ ਸਕੇ ।

## ਕਿਸਾਨ ਵੀਰੋ ! ਕਣਕ ਦੇ ਝਾੜ ਨੂੰ ਅੱਗ ਨਾ ਲਾਓ, ਸਗੋਂ ਖੇਤ ਵਿੱਚ ਹੀ ਵਾਹੋ

ਕਣਕ ਦੀ ਵਾਢੀ ਤੋਂ ਲੈ ਕੇ ਝੋਨੇ ਦੀ ਲਵਾਈ ਤੱਕ ਤਕਰੀਬਨ 2 ਮਹੀਨੇ ਦਾ ਵਕਫਾ ਹੁੰਦਾ ਹੈ । ਕਿਸਾਨ ਵੀਰੋ ! ਕਣਕ ਦੀ ਵਾਢੀ ਤੋਂ ਬਾਅਦ ਕਣਕ ਦੇ ਨਾੜ ਦੀ ਤੂੜੀ ਬਣਾਉਣ ਤੋਂ ਬਾਅਦ ਰਹਿੰਦ-ਖੂੰਹਦ ਨੂੰ ਅੱਗ ਨਾ ਲਾਓ, ਕਿਉਕਿ ਇਸ ਨੂੰ ਅੱਗ ਲਾਉਣ ਨਾਲ ਜਿੱਥੇ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ, ਉੱਥੇ ਕਈ ਤਰ੍ਹਾਂ ਦੇ ਮਿੱਟੀ ਵਿਚਲੇ ਸੂਖਮ ਜੀਵ, ਮਿੱਤਰ ਕੀੜੇ, ਪਸ਼ੂ-ਪੰਛੀ, ਬਨਸਪਤੀ, ਰੁੱਖ ਆਦਿ ਵੀ ਅੱਗ ਦੀ ਭੇਂਟ ਚੜ੍ਹ ਜਾਂਦੇ ਹਨ । ਇਸ ਤੋਂ ਇਲਾਵਾ ਇਹ ਗਤੀਵਿਧੀਆਂ ਜਲਵਾਯੂ ਪਰਿਵਰਤਨ ਵਿੱਚ ਵੀ ਯੋਗਦਾਨ ਪਾਉਂਦੀਆਂ ਹਨ ਅਤੇ ਮਿੱਟੀ ਦੀ ਸਿਹਤ ਦਾ ਨੁਕਸਾਨ ਵੀ ਹੁੰਦਾ ਹੈ । ਇਸ ਲਈ ਕਣਕ ਦੇ ਨਾੜ ਨੂੰ ਖੇਤ ਵਿੱਚ ਹੀ ਵਾਹ ਦੇਣਾ ਚਾਹੀਦਾ ਹੈ, ਜਿਸ ਨਾਲ ਮਿੱਟੀ ਦੀ ਸਿਹਤ ਵਿੱਚ ਸੁਧਾਰ ਹੁੰਦਾ ਹੈ । ਇਸ ਤੋਂ ਇਲਾਵਾ ਇਹ ਵੀ ਦੇਖਣ ਵਿੱਚ ਆਇਆ ਹੈ ਕਿ ਕਈ ਕਿਸਾਨ ਵੀਰ ਕਣਕ ਦੀ ਵਾਢੀ ਤੋਂ ਬਾਅਦ ਗਰਮ ਰੁੱਤ ਦੀ ਮੂੰਗੀ, ਆਚਾਰ ਵਾਲੀ ਮੱਕੀ ਜਾਂ ਹਰੀ ਖਾਦ ਲਈ ਜੰਤਰ, ਸਣ ਜਾਂ ਰਵਾਂਹ ਦੀ ਕਾਸ਼ਤ ਕਰਦੇ ਹਨ । ਪਰ ਕਈ ਕਿਸਾਨ ਵੀਰ ਖਾਲੀ ਪਏ ਖੇਤਾਂ ਨੂੰ ਠੰਢਾ ਕਰਨ ਲਈ ਪਾਣੀ ਲਗਾ ਦਿੰਦੇ ਹਨ ਅਤੇ ਕਈ ਵਾਰ ਤਾਂ ਦੋ ਤੋਂ ਤਿੰਨ ਵਾਰ ਵੀ ਖੇਤ ਦੀ ਸਿੰਚਾਈ ਕੀਤੀ ਜਾਂਦੀ ਹੈ । ਇਸ ਤਰ੍ਹਾਂ ਕਰਨ ਦਾ ਕੋਈ ਫਾਇਦਾ ਨਹੀਂ ਹੁੰਦਾ, ਬਲਕਿ ਖੇਤਾਂ ਨੂੰ ਠੰਢਾ ਕਰਨ ਲਈ ਲਗਾਏ ਜਾਂਦੇ ਪਾਣੀਆਂ ਕਾਰਨ ਪਾਣੀ ਦੀ ਦੁਰਵਰਤੋਂ ਹੁੰਦੀ ਹੈ । ਜੇਠ ਹਾੜ ਦੇ ਮਹੀਨਿਆਂ ਦੌਰਾਨ ਹਵਾ ਵਿੱਚ ਨਮੀਂ ਬਹੁਤ ਘੱਟ ਅਤੇ ਤਾਪਮਾਨ ਜ਼ਿਆਦਾ ਹੁੰਦਾ ਹੈ, ਜਿਸ ਕਾਰਨ ਪਾਣੀ ਦਾ ਵਾਸ਼ਪੀਕਰਨ ਬਹੁਤ ਹੁੰਦਾ ਹੈ ਅਤੇ ਖੇਤਾਂ ਨੂੰ ਲੱਗਿਆ ਪਾਣੀ ਬੇਲੋੜਾ ਸਾਬਿਤ ਹੁੰਦਿਆਂ ਜ਼ਿਆਦਾਤਰ ਭਾਫ ਬਣ ਕੇ ਉੱਡ ਜਾਂਦਾ ਹੈ । ਕਿਸਾਨ ਵੀਰਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਇਹਨਾਂ ਸਭ ਨੁਕਤਿਆਂ ਨੂੰ ਧਿਆਨ ਵਿੱਚ ਰੱਖ ਕੇ ਹੀ ਟਿਕਾਊ ਖੇਤੀ ਵੱਲ ਵਧਿਆ ਜਾ ਸਕਦਾ ਹੈ । ਇਸ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਦੇ ਨਾਲ-ਨਾਲ ਵਾਧਾਵਰਣ ਨੂੰ ਵੀ ਬਿਹਤਰ ਬਣਾਇਆ ਜਾ ਸਕਦਾ ਹੈ ਅਤੇ ਪਾਣੀ ਦੀ ਬੇਲੋੜੀ ਦੁਰਵਰਤੋਂ ਨੂੰ ਘਟਾ ਕੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਬਚਾਇਆ ਜਾ ਸਕਦਾ ਹੈ ।



ਡਾ. ਸਤਿਬੀਰ ਸਿੰਘ ਗੋਸਲ,
ਵਾਈਸ ਚਾਂਸਲਰ,
ਪੀ. ਏ. ਯੂ., ਲੁਧਿਆਣਾ



ਕਾਰਖਾਨਿਆਂ ਦੁਆਰਾ ਧਰਤੀ ਹੇਠਲੇ ਪਾਣੀ ਤੇ ਨਦੀਆਂ ਵਿੱਚ ਛੱਡੇ ਜਾਣ ਵਾਲੀਆਂ ਭਾਰੀ ਧਾਤਾਂ, ਖਤਰਨਾਕ ਰਸਾਇਣ ਤੇ ਬਿਨਾਂ ਟ੍ਰੀਟ ਕੀਤੇ ਸੀਵਰੇਜ ਦੇ ਪਾਣੀ ਭਾਰਤ ਵਿੱਚ ਪਾਣੀ ਦੇ ਪ੍ਰਦੂਸ਼ਣ ਦਾ ਵੱਡਾ ਕਾਰਨ ਬਣਦੇ ਹਨ। ਰਸਾਇਣਿਕ, ਟੈਕਸਟਾਈਲ ਅਤੇ ਫਾਰਮਾਸਿਊਟੀਕਲ ਉਦਯੋਗ ਮੁੱਖ ਪ੍ਰਦੂਸ਼ਕ ਹਨ, ਜੋ ਪਾਣੀ ਦੀ ਗੁਣਵੱਤਾ ਨੂੰ ਘਟਾਉਂਦੇ ਹਨ। ਖੇਤੀਬਾੜੀ ਲਈ ਵਰਤੇ ਜਾਂਦੇ ਰਸਾਇਣਾਂ, ਕੀਟਨਾਸ਼ਕਾਂ ਅਤੇ ਨਦੀਨ-ਨਾਸ਼ਕਾਂ ਦੀ ਰਹਿੰਦ-ਖੂੰਹਦ ਨਾਲ ਪੈਦਾ ਹੋਏ ਪ੍ਰਦੂਸ਼ਕ ਮੀਂਹ ਦੇ ਪਾਣੀ ਦੇ ਵਹਾਅ ਨਾਲ ਨਦੀਆਂ, ਝੀਲਾਂ ਅਤੇ ਧਰਤੀ ਹੇਠਲੇ ਪਾਣੀ ਦੀ ਸਪਲਾਈ ਤੱਕ ਪਹੁੰਚਦੇ ਹਨ, ਇਸ ਤਰ੍ਹਾਂ ਵਾਤਾਵਰਨਿਕ ਪ੍ਰਣਾਲੀ ਨੂੰ ਪ੍ਰਭਾਵਿਤ ਕਰਦੇ ਹਨ।

# ਭਾਰਤ ਵਿੱਚ ਪਾਣੀ ਪ੍ਰਦੂਸ਼ਣ, ਚੁਣੌਤੀਆਂ ਅਤੇ ਹੱਲ

ਲਖਵਿੰਦਰ ਕੌਰ,
Master-in-law, Essex University, U.K. (ਮੋ. +447436294697

ਪਾਣੀ ਪ੍ਰਦੂਸ਼ਣ ਵਾਤਾਵਰਨ ਲਈ ਇੱਕ ਵੱਡੀ ਸਮੱਸਿਆ ਹੈ, ਜੋ ਭਾਰਤ ਵਿੱਚ ਵਿਕਾਸ ਨੂੰ ਪ੍ਰਭਾਵਿਤ ਕਰਦੀ ਹੈ। ਭਾਰਤ ਵਿੱਚ ਪਾਣੀ ਪ੍ਰਦੂਸ਼ਣ ਉਦਯੋਗੀਕਰਨ, ਸ਼ਹਿਰੀਕਰਨ ਅਤੇ ਢੁੱਕਵੀਆਂ ਰਣਨੀਤੀਆਂ ਦੀ ਘਾਟ ਕਾਰਨ ਵਧਿਆ ਹੈ, ਜਿਸ ਦੇ ਗੰਭੀਰ ਨਤੀਜੇ ਨਿਕਲੇ ਹਨ। ਭਾਰਤ ਵਿੱਚ ਪਾਣੀ ਪ੍ਰਦੂਸ਼ਣ ਦਾ ਸੰਕਟ ਵੱਡੇ ਪੱਧਰ 'ਤੇ ਉਦਯੋਗਿਕ ਰਹਿੰਦ-ਖੂੰਹਦ ਕਾਰਨ ਹੈ। ਉਦਯੋਗਾਂ ਵਿੱਚ ਵਾਧਾ ਅਤੇ ਅੰਸ਼ਕ ਤੌਰ 'ਤੇ ਜਾਂ ਪੂਰੀ ਤਰ੍ਹਾਂ ਨਾਲ ਬਿਨਾਂ ਟ੍ਰੀਟ ਕੀਤੇ ਰਹਿੰਦ-ਖੂੰਹਦ ਨੂੰ ਨਦੀਆਂ ਵਿੱਚ ਸੁੱਟਣ ਨਾਲ ਪੀਣ ਅਤੇ ਹੋਰ ਉਦੇਸ਼ਾਂ ਲਈ ਨਦੀ ਦੇ ਪਾਣੀ ਦੀ ਵਰਤੋਂ ਕਰਨ ਸੰਬੰਧੀ ਸਮੱਸਿਆਵਾਂ ਪੈਦਾ ਹੋਈਆਂ ਹਨ। 17% ਦੀ ਦਹਾਕੇ ਦੀ ਵਿਕਾਸ ਦਰ ਦੇ ਨਾਲ ਵਧਦੀ ਸ਼ਹਿਰੀ ਆਬਾਦੀ ਪਾਣੀ ਪ੍ਰਦੂਸ਼ਣ ਅਤੇ ਉਦਯੋਗਿਕ ਤੇ ਘਰੇਲੂ ਡਿਸਚਾਰਜ ਕਾਰਨ ਸਾਫ਼ ਪਾਣੀ ਦੀ ਮੰਗ ਵਧੀ ਹੈ। ਭਾਰਤ ਦੇ ਜ਼ਿਆਦਾਤਰ ਸ਼ਹਿਰੀ ਖੇਤਰਾਂ ਵਿੱਚ ਨਦੀ ਦਾ ਪਾਣੀ ਉਦਯੋਗਿਕ ਰਹਿੰਦ-ਖੂੰਹਦ ਨਾਲ ਦੂਸ਼ਿਤ ਹੋ ਗਿਆ ਹੈ। ਗੰਗਾ ਨਦੀ ਜੋ ਦੁਨੀਆਂ ਦੀਆਂ ਸਭ ਤੋਂ ਵੱਧ ਪ੍ਰਦੂਸ਼ਿਤ ਨਦੀਆਂ ਵਿੱਚੋਂ ਇੱਕ ਹੈ, ਵਿੱਚ ਰਹਿੰਦ-ਖੂੰਹਦ ਅਤੇ ਸੀਵਰੇਜ ਨੂੰ ਬੇਰੋਕ ਸੁੱਟਿਆ ਗਿਆ ਹੈ। ਇਸ ਤੋਂ ਇਲਾਵਾ ਭਾਰਤ ਵਿੱਚ ਯਮੁਨਾ ਨਦੀ ਵੀ ਉਦਯੋਗਿਕ ਪ੍ਰਦੂਸ਼ਣ ਦਾ ਸ਼ਿਕਾਰ ਹੋਈ ਹੈ। ਭਾਰਤ ਹੁਣ ਪਾਣੀ ਦੇ ਤਣਾਅ ਵਾਲੇ ਦੇਸ਼ਾਂ ਦੀ ਸੂਚੀ ਵਿੱਚ 13ਵੇਂ ਸਥਾਨ 'ਤੇ ਹੈ, ਜਿਸ ਵਿੱਚ 21 ਵੱਡੇ ਸ਼ਹਿਰ ਪਾਣੀ ਦੀ ਕਮੀ ਦੇ ਨੇੜੇ ਪਹੁੰਚ ਰਹੇ ਹਨ ਅਤੇ ਹੋਰ ਸ਼ਹਿਰ ਪਾਣੀ ਦੀ ਸਪਲਾਈ ਦੀ ਘਾਟ ਦਾ ਅਨੁਭਵ ਕਰ ਰਹੇ ਹਨ।

ਕਾਰਖਾਨਿਆਂ ਦੁਆਰਾ ਧਰਤੀ ਹੇਠਲੇ ਪਾਣੀ ਤੇ ਨਦੀਆਂ ਵਿੱਚ ਛੱਡੇ ਜਾਣ ਵਾਲੀਆਂ ਭਾਰੀ ਧਾਤਾਂ, ਖਤਰਨਾਕ ਰਸਾਇਣ ਤੇ ਬਿਨਾਂ ਟ੍ਰੀਟ ਕੀਤੇ ਸੀਵਰੇਜ ਦੇ ਪਾਣੀ ਭਾਰਤ ਵਿੱਚ ਪਾਣੀ ਦੇ ਪ੍ਰਦੂਸ਼ਣ ਦਾ ਵੱਡਾ ਕਾਰਨ ਬਣਦੇ ਹਨ। ਰਸਾਇਣਿਕ, ਟੈਕਸਟਾਈਲ ਅਤੇ ਫਾਰਮਾਸਿਊਟੀਕਲ ਉਦਯੋਗ ਮੁੱਖ ਪ੍ਰਦੂਸ਼ਕ ਹਨ, ਜੋ ਪਾਣੀ ਦੀ ਗੁਣਵੱਤਾ ਨੂੰ ਘਟਾਉਂਦੇ ਹਨ। ਖੇਤੀਬਾੜੀ ਲਈ ਵਰਤੇ ਜਾਂਦੇ ਰਸਾਇਣਾਂ, ਕੀਟਨਾਸ਼ਕਾਂ ਅਤੇ ਨਦੀਨ-ਨਾਸ਼ਕਾਂ ਦੀ ਰਹਿੰਦ-ਖੂੰਹਦ ਨਾਲ ਪੈਦਾ ਹੋਏ ਪ੍ਰਦੂਸ਼ਕ ਮੀਂਹ ਦੇ ਪਾਣੀ ਦੇ ਵਹਾਅ ਨਾਲ ਨਦੀਆਂ, ਝੀਲਾਂ ਅਤੇ ਧਰਤੀ ਹੇਠਲੇ ਪਾਣੀ ਦੀ ਸਪਲਾਈ ਤੱਕ ਪਹੁੰਚਦੇ ਹਨ, ਇਸ ਤਰ੍ਹਾਂ ਵਾਤਾਵਰਨਿਕ ਪ੍ਰਣਾਲੀ ਨੂੰ ਪ੍ਰਭਾਵਿਤ ਕਰਦੇ ਹਨ। ਭਾਰਤ ਵਿੱਚ ਗੰਦੇ ਪਾਣੀ ਨੂੰ ਸਾਫ਼ ਕਰਨ ਦੀਆਂ ਸਹੂਲਤਾਂ ਵੀ ਬਹੁਤ ਘੱਟ ਹਨ। ਇਸ ਲਈ ਉਦਯੋਗਿਕ ਰਹਿੰਦ-ਖੂੰਹਦ ਤੋਂ ਬਿਨਾਂ ਸਾਫ਼ ਕੀਤੇ ਸੀਵਰੇਜ ਦੇ ਪਾਣੀ ਜਲ ਸਰੋਤਾਂ ਵਿੱਚ ਦਾਖਲ ਹੁੰਦੇ ਹਨ। ਦਿੱਲੀ ਤੇ ਮੁੰਬਈ ਵਰਗੇ ਸ਼ਹਿਰਾਂ ਨੂੰ ਗੰਦੇ ਪਾਣੀ ਦੇ ਪ੍ਰਬੰਧਨ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ, ਜੋ ਯਮੁਨਾ ਗੰਗਾ ਨਦੀਆਂ ਨੂੰ ਹੋਰ ਜ਼ਿਆਦਾ ਦੂਸ਼ਿਤ ਕਰਦਾ ਹੈ। ਭਾਰਤ ਦੀ ਪਾਣੀ ਦੀ ਸਮੱਸਿਆ ਪੁਰਾਣੀਆਂ ਪਾਈਪਾਂ, ਪਾਣੀ ਦੀ ਬਰਬਾਦੀ ਅਤੇ ਵੰਡ ਢਾਂਚੇ ਦੀ ਅਣਹੋਂਦ ਕਾਰਨ ਵੀ ਵਧੀ ਹੈ।

**ਭਾਈਚਾਰਿਆਂ 'ਤੇ ਪ੍ਰਭਾਵ :** ਭਾਰਤ ਵਿੱਚ ਬਹੁਤ ਸਾਰੇ ਭਾਈਚਾਰਿਆਂ ਵਿੱਚ ਪਾਣੀ ਦਾ ਪ੍ਰਦੂਸ਼ਣ ਇੱਕ ਆਮ ਸਮੱਸਿਆ ਹੈ। ਦਿਹਾਤੀ ਖੇਤਰਾਂ ਵਿੱਚ ਦੂਸ਼ਿਤ ਪਾਣੀ ਇੱਕ ਵੱਡਾ ਸਿਹਤ ਖਤਰਾ ਹੈ, ਜਿੱਥੇ ਜ਼ਿਆਦਾਤਰ ਲੋਕ ਨਦੀਆਂ ਜਾਂ ਝੀਲਾਂ ਵਰਗੇ ਪਾਣੀ ਦੇ ਕੁਦਰਤੀ ਸਰੋਤਾਂ 'ਤੇ ਨਿਰਭਰ ਕਰਦੇ ਹਨ। ਵਿਸ਼ਵ ਆਰਥਿਕ ਫੋਰਮ (2019) ਦੁਆਰਾ ਇੱਕ ਰਿਪੋਰਟ ਅਨੁਸਾਰ ਸਵੱਛਤਾ, ਪਾਣੀ ਅਤੇ ਸੈਨੀਟੇਸ਼ਨ ਦੀ ਘਾਟ ਕਾਰਨ ਭਾਰਤ ਵਿੱਚ ਹਰ ਸਾਲ 4 ਲੱਖ ਜਾਨਾਂ ਦਾ ਨੁਕਸਾਨ ਹੁੰਦਾ ਹੈ। ਤੇਜ਼ੀ ਨਾਲ ਉਦਯੋਗੀਕਰਨ ਕਾਰਨ ਸ਼ਹਿਰੀ ਖੇਤਰਾਂ ਵਿੱਚ ਪਾਣੀ ਪ੍ਰਦੂਸ਼ਣ ਵਧਿਆ ਹੈ। ਆਮ ਤੌਰ 'ਤੇ ਸ਼ਹਿਰੀ ਖੇਤਰਾਂ ਵਿੱਚ ਘੱਟ ਆਮਦਨੀ ਵਾਲੇ ਲੋਕ ਪਾਣੀ ਦੇ ਉਨ੍ਹਾਂ ਸਰੋਤਾਂ 'ਤੇ ਨਿਰਭਰ ਕਰਦੇ ਹਨ, ਜੋ ਬਿਨਾਂ ਸਾਫ਼ ਕੀਤੇ ਜਾਂ ਨਾਕਾਫ਼ੀ ਤੌਰ 'ਤੇ ਸਾਫ਼ ਕੀਤੇ ਜਾਂਦੇ ਹਨ ਅਤੇ ਦੂਸ਼ਿਤ ਪਾਣੀ ਦੇ ਸੰਪਰਕ ਵਿੱਚ ਆ ਸਕਦੇ ਹਨ। ਹਾਲਾਂਕਿ ਸ਼ਹਿਰਾਂ ਦੇ ਵਿਸ਼ੇਸ਼ ਅਧਿਕਾਰ ਵਾਲੇ ਖੇਤਰਾਂ ਵਿੱਚ ਸਾਫ਼ ਪਾਣੀ ਦੀ ਆਸਾਨ ਪਹੁੰਚ ਹੈ। ਭਾਰਤ ਵਿੱਚ ਲਗਭਗ 70 ਫੀਸਦੀ ਸਤਹੀ ਪਾਣੀ ਖਪਤ ਕਰਨ ਯੋਗ ਨਹੀਂ ਹੈ (ਵਿਸ਼ਵ ਆਰਥਿਕ ਫੋਰਮ 2019) ਪਾਣੀ ਪ੍ਰਦੂਸ਼ਣ ਦੇ ਵਾਤਾਵਰਨਿਕ ਪ੍ਰਭਾਵ ਵਿੱਚ ਜਲ ਜੀਵਾਂ ਲਈ ਵਾਤਾਵਰਨ ਪ੍ਰਣਾਲੀ ਦਾ ਵਿਗਾੜ ਵੀ ਸ਼ਾਮਿਲ ਹੈ, ਜਿਸ ਦੇ ਨਤੀਜੇ ਵਜੋਂ ਮੱਛੀਆਂ ਦੀ ਗਿਣਤੀ ਘੱਟ ਜਾਂਦੀ ਹੈ ਅਤੇ ਜੈਵ ਵਿਭਿੰਨਤਾ ਦਾ ਨੁਕਸਾਨ ਹੁੰਦਾ ਹੈ।

**ਨਿਯੰਤਰਣ ਅਤੇ ਉਪਾਅ :** ਪ੍ਰਦੂਸ਼ਣ ਨੂੰ ਘਟਾਉਣ ਲਈ ਭਾਰਤ, ਯੂ. ਕੇ. ਅਤੇ ਨਿਊਜ਼ੀਲੈਂਡ ਵਰਗੇ ਗਲੋਬਲ ਵਧੀਆ ਅਭਿਆਸਾਂ ਤੋਂ ਜਾਣਕਾਰੀ ਲੈ ਕੇ ਪ੍ਰਭਾਵਸ਼ਾਲੀ



ਨੀਤੀਆਂ ਅਤੇ ਨਵੀਨਤਾਕਾਰੀ ਨਿਯੰਤਰਣਾਂ ਨੂੰ ਅਪਣਾਉਣ ਦੇ ਯੋਗ ਹੋ ਸਕਦਾ ਹੈ। ਸਭ ਤੋਂ ਮਹੱਤਵਪੂਰਨ ਰਣਨੀਤੀਆਂ ਵਿੱਚੋਂ ਇੱਕ ਹੈ ਜ਼ੀਰੋ ਲਿਕਵਿਡ ਡਿਸਚਾਰਜ (ਜ਼ੈਡ. ਐਲ. ਡੀ.) ਤਕਨਾਲੋਜੀ ਨੂੰ ਅਪਣਾਉਣਾ, ਜਿਸ ਵਿੱਚ ਕਾਰੋਬਾਰ ਕੁਦਰਤੀ ਪਾਣੀ ਦੇ ਸਰੋਤਾਂ ਵਿੱਚ ਗੰਦਾ ਪਾਣੀ ਛੱਡਣ ਦੀ ਬਜਾਏ, ਗੰਦੇ ਪਾਣੀ ਨੂੰ ਸਾਫ਼ ਅਤੇ ਮੁੜ ਵਰਤੋਂ ਯੋਗ ਬਣਾ ਸਕਦੇ ਹਨ। ਇਸ ਲਈ ਪਾਣੀ ਦੇ ਸਰੋਤਾਂ ਅਤੇ ਉਦਯੋਗਿਕ ਨਿਕਾਸ ਵਿੱਚੋਂ ਰਸਾਇਣਿਕ ਪ੍ਰਦੂਸ਼ਕਾਂ ਨੂੰ ਘਟਾਉਣ ਲਈ ਯੂ. ਕੇ. ਦੀ 25 ਸਾਲਾਂ ਦੀ ਵਾਤਾਵਰਨ ਯੋਜਨਾ ਤੋਂ ਲਾਭ ਉਠਾਇਆ ਜਾ ਸਕਦਾ ਹੈ। ਜੇਕਰ ਜ਼ੈਡ. ਐਲ. ਡੀ. ਨੂੰ ਭਾਰਤ ਵਿੱਚ ਲਾਗੂ ਕੀਤਾ ਜਾਂਦਾ ਹੈ, ਤਾਂ ਇਹ ਉਦਯੋਗਿਕ ਪ੍ਰਦੂਸ਼ਣ ਨੂੰ ਬਹੁਤ ਘੱਟ ਕਰ ਸਕਦੀ ਹੈ। ਵਿਕੇਂਦਰੀਕਰਨ ਦਿਹਾਤੀ ਖੇਤਰਾਂ ਵਿੱਚ ਸੈਨੀਟੇਸ਼ਨ ਨੂੰ ਬਿਹਤਰ ਬਣਾਉਣ ਵਿੱਚ ਵੀ ਮਦਦ ਕਰ ਸਕਦਾ ਹੈ, ਜਿੱਥੇ ਕੇਂਦਰੀਕ੍ਰਿਤ ਪ੍ਰਣਾਲੀਆਂ ਹਮੇਸ਼ਾਂ ਉਪਲੱਬਧ ਨਹੀਂ ਹੁੰਦੀਆਂ ਹਨ। ਨਿਊਜ਼ੀਲੈਂਡ ਦਾ ਵਾਟਰ ਸਰਵਿਸਿਜ਼ ਐਕਟ 2021 ਸਥਾਨਕ ਜਲ ਪ੍ਰਬੰਧਨ ਅਤੇ ਪੀਣ ਵਾਲੇ ਪਾਣੀ ਦੇ ਸਖਤ ਮਿਆਰਾਂ 'ਤੇ ਕੇਂਦ੍ਰਿਤ ਹੈ। ਭਾਰਤ ਵਿੱਚ ਇੱਕ ਸਮਾਨ ਪਹੁੰਚ ਅਪਣਾਈ ਜਾ ਸਕਦੀ ਹੈ, ਜਿੱਥੇ ਪਿੰਡਾਂ ਵਿੱਚ ਵਿਕੇਂਦਰੀਕ੍ਰਿਤ ਗੰਦੇ ਪਾਣੀ ਦੇ ਟ੍ਰੀਟਮੈਂਟ ਸਿਸਟਮ ਸਥਾਪਤ ਕੀਤੇ ਗਏ ਹਨ ਅਤੇ ਸਥਾਨਕ ਭਾਈਚਾਰਿਆਂ ਨੂੰ ਆਪਣੇ ਪਾਣੀ ਦੇ ਸਰੋਤਾਂ ਦਾ ਪ੍ਰਬੰਧਨ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ। ਇਸ ਤੋਂ ਇਲਾਵਾ ਪ੍ਰਦੂਸ਼ਣ ਨਿਯਮਾਂ ਨੂੰ ਸਖਤੀ ਨਾਲ ਲਾਗੂ ਕਰਨ ਦੀ ਲੋੜ ਹੈ। ਯੂ. ਕੇ. ਦੇ ਵਾਟਰ ਰਿਸੋਰਸਿਜ਼ ਐਕਟ 1991 ਤੇ ਰਿਵਰਜ਼ (ਪ੍ਰੀਵੈਂਸ਼ਨ ਆਫ ਪੋਲਿਊਸ਼ਨ) ਐਕਟ 1961 ਅਨੁਸਾਰ ਉਦਯੋਗਾਂ ਨੂੰ ਪ੍ਰਦੂਸ਼ਣ ਕਾਨੂੰਨਾਂ ਦੀ ਉਲੰਘਣਾ ਕਰਨ 'ਤੇ ਭਾਰੀ ਜ਼ੁਰਮਾਨਾ ਕੀਤਾ ਜਾਂਦਾ ਹੈ। ਭਾਰਤ ਵਿੱਚ ਨਿਯਮਤ ਢਾਂਚੇ ਨੂੰ ਬਿਹਤਰ ਬਣਾਉਣ ਲਈ ਜ਼ੁਰਮਾਨੇ ਵਧਾਏ ਜਾ ਸਕਦੇ ਹਨ, ਉਦਯੋਗਾਂ 'ਤੇ ਲਾਜ਼ਮੀ ਵਾਤਾਵਰਨ ਆਡਿਟ ਅਤੇ ਰਹਿੰਦ-ਖੂੰਹਦ ਨਿਪਟਾਣ ਦੇ ਸਖਤ ਨਿਯਮ ਲਾਗੂ ਕੀਤੇ ਜਾ ਸਕਦੇ ਹਨ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਪ੍ਰਦੂਸ਼ਣ ਦੀ ਜ਼ਿੰਮੇਵਾਰੀ ਲੈਣ। ਨਾਲ ਹੀ ਭਾਈਚਾਰਕ-ਅਧਾਰਿਤ ਹੱਲਾਂ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਵਾਟਰਸ਼ੈਡ ਪ੍ਰਬੰਧਨ ਤੇ ਬਰਸਾਤੀ ਪਾਣੀ ਦੀ ਸੰਭਾਲ ਵੱਖ-ਵੱਖ ਖੇਤਰਾਂ ਵਿੱਚ ਟਿਕਾਊ ਜਲ ਭੰਡਾਰਨ ਨੂੰ ਉਤਸ਼ਾਹਿਤ ਕਰਨ ਵਿੱਚ ਸਫਲ ਪਹਿਲਕਦਮੀ ਸਾਬਤ ਹੋ ਸਕਦੀ ਹੈ।

ਇਸ ਲੇਖ ਦਾ ਉਦੇਸ਼ ਭਾਰਤ ਵਿੱਚ ਪਾਣੀ ਪ੍ਰਦੂਸ਼ਣ, ਟਿਕਾਊ ਵਿਕਾਸ ਟੀਚਿਆਂ (ਐਸ. ਡੀ. ਜੀਜ਼) ਅਤੇ ਅੰਤਰਰਾਸ਼ਟਰੀ ਢਾਂਚਿਆਂ ਦੇ ਸੰਦਰਭ ਵਿੱਚ ਚੁਣੌਤੀਆਂ ਦਾ ਮੁਲਾਂਕਣ ਕਰਨਾ। ਪਾਣੀ ਪ੍ਰਦੂਸ਼ਣ ਭਾਰਤ ਦੀ ਜਨ ਸਿਹਤ, ਆਰਥਿਕ ਸਥਿਰਤਾ ਅਤੇ ਟਿਕਾਊ ਵਿਕਾਸ ਲਈ ਗੰਭੀਰ ਖਤਰਾ ਪੈਦਾ ਕਰਦਾ ਹੈ। ਭਾਰਤ, ਯੂ. ਕੇ. ਅਤੇ ਨਿਊਜ਼ੀਲੈਂਡ ਦੇ ਨਿਯਮਾਂ ਵਿੱਚੋਂ ਸਭ ਤੋਂ ਵਧੀਆ ਅਭਿਆਸਾਂ ਨੂੰ ਅਪਣਾ ਕੇ ਪ੍ਰਦੂਸ਼ਣ ਤੇ ਪ੍ਰਦੂਸ਼ਣ ਦੀ ਸਮੱਸਿਆ ਨੂੰ ਕਾਫ਼ੀ ਹੱਦ ਤੱਕ ਸੁਲਝਾ ਸਕਦਾ ਹੈ।

## ਮੁੜ ਬਹਾਰਾਂ ਆਉਣਗੀਆਂ

ਜਦ ਧੂੰਆਂ ਅਸਮਾਨੀ ਚੜ੍ਹ ਜਾਵੇ,
ਇਹ ਦੂਸ਼ਿਤ ਵਾਤਾਵਰਨ ਕਰੇ।
ਦਿਨ ਦੀਵੀਂ ਹਨੇਰਾ ਛਾਅ ਜਾਵੇ,
ਨਾਲ ਦੁਰਘਟਨਾਵਾਂ ਕਈ ਮਰੇ।
ਹਰ ਇੱਕ ਨੂੰ ਘੁਟਣ ਮਹਿਸੂਸ ਹੋਵੇ,
ਕਈ ਰੋਗ ਵੀ ਪੈਦਾ ਕਰਦਾ ਹੈ।
ਧਰਤੀ ਦੀ ਸਤ੍ਹਾ ਵੀ ਸੜ ਜਾਂਦੀ।
ਜੀਵ ਜੰਤੂ ਖੇਤੀਂ ਸੜਦਾ ਏ।
ਰੁੱਖ ਹਰੇ ਭਰੇ ਵੀ ਮਚ ਜਾਂਦੇ,
ਪੰਛੀ ਜਿਨ੍ਹਾਂ 'ਤੇ ਰਹਿੰਦੇ ਨੇ।
ਸਬਰ ਸੰਤੋਖ ਕਰ ਲੈਂਦੇ ਉਹ,
ਪਰ ਮੂੰਹੋਂ ਨਾ ਕੁਝ ਕਹਿੰਦੇ ਨੇ।
ਤੁਸੀਂ ਰਹਿੰਦ-ਖੂੰਹਦ ਖੇਤਾਂ ਦੀ,
ਉਸ ਨੂੰ ਵਿਚੇ ਵਾਹ ਦੇਵੋ।
ਫਿਰ ਲੋੜ ਨੀ ਪੈਣੀ ਖਾਦਾਂ ਦੀ,
ਬਣਾ ਰੇਅ ਖੇਤਾਂ ਵਿੱਚ ਪਾ ਦੇਵੋ।
ਕੁਦਰਤ ਵੀ ਮਿਹਰਬਾਨ ਰਹੂ,
ਫ਼ਸਲਾਂ ਵੀ ਵਾਧੂ ਹੋਣਗੀਆਂ।
'ਪੱਤੋ' ਪੰਛੀ, ਰੁੱਖ, ਹਵਾ,
ਪਾਣੀ, ਬਚ ਜਾਵਣਗੇ,
ਤੇ ਮੁੜ ਬਹਾਰਾਂ ਆਉਣਗੀਆਂ।

ਹਰਪ੍ਰੀਤ ਪੱਤੋ, ਮੋਗਾ (ਮੋ. 94658-21417)



# 'ਝੋਨੇ ਦੀ ਸਿੱਧੀ ਬਿਜਾਈ' ਨਾਲ ਹੋਵੇ ਵੱਧ ਕਮਾਈ

**ਝੋਨਾ-ਕਣਕ ਪੰਜਾਬ ਦਾ ਮੁੱਖ ਫਸਲੀ ਚੱਕਰ ਹੈ । ਪੰਜਾਬ ਵਿਚ ਕਿਸਾਨਾਂ ਨੂੰ ਝੋਨੇ ਦੀ ਕਾਸ਼ਤ ਲਈ ਮਜ਼ਦੂਰਾਂ 'ਤੇ ਨਿਰਭਰ ਰਹਿਣਾ ਪੈਂਦਾ ਹੈ । ਖੇਤ ਨੂੰ ਕੱਦੂ ਕਰਨ ਤੋਂ ਬਾਅਦ ਮਜ਼ਦੂਰਾਂ ਵੱਲੋਂ ਪਨੀਰੀ ਨੂੰ ਪੁੱਟ ਕੇ ਕੱਦੂ ਕੀਤੇ ਖੇਤ ਵਿਚ ਲਗਾਇਆ ਜਾਂਦਾ ਹੈ । ਇਸ ਤਰ੍ਹਾਂ ਕੱਦੂ ਕਰਨ ਨਾਲ ਪਾਣੀ ਦੀ ਕਾਫੀ ਖਪਤ ਹੁੰਦੀ ਹੈ ਅਤੇ ਮਜ਼ਦੂਰ ਸਮੇਂ ਸਿਰ ਨਾ ਮਿਲਣ ਤੇ ਕਾਫੀ ਖੱਜਲ-ਖੁਆਰੀ ਹੁੰਦੀ ਹੈ । ਮਜ਼ਦੂਰਾਂ ਦੀ ਉਪਲੱਬਧਤਾ ਘਟਣ ਕਰਕੇ ਮਜ਼ਦੂਰੀ ਦੀਆਂ ਕੀਮਤਾਂ ਵਿਚ ਵਾਧਾ ਹੋਇਆ ਹੈ ।**

ਜਗਜੋਤ ਸਿੰਘ ਗਿੱਲ

ਬਿਨਾਂ ਖੱਜਲ-ਖੁਆਰੀ ਦੇ ਝੋਨੇ ਦੀ ਕਾਸ਼ਤ ਸਿੱਧੀ ਬਿਜਾਈ ਰਾਹੀਂ ਕੀਤੀ ਜਾ ਸਕਦੀ ਹੈ, ਜਿਸ ਨਾਲ ਝੋਨੇ ਦੀ ਬਿਜਾਈ ਸਮੇਂ ਸਿਰ ਹੋ ਜਾਂਦੀ ਹੈ, ਪੈਸੇ ਅਤੇ ਪਾਣੀ ਦੀ ਵੀ ਬੱਚਤ ਹੁੰਦੀ ਹੈ । ਝੋਨੇ ਦੀ ਸਿੱਧੀ ਬਿਜਾਈ ਲਈ ਖੇਤੀ ਮਾਹਿਰਾਂ ਦੀ ਸਲਾਹ ਬਹੁਤ ਜ਼ਰੂਰੀ ਹੈ । ਝੋਨੇ ਦੀ ਸਿੱਧੀ ਬਿਜਾਈ ਹੇਠ ਲਿਖੀਆਂ ਸੁਧਰੀਆਂ ਕਾਸ਼ਤ ਤਕਨੀਕਾਂ ਨਾਲ ਕੀਤੀ ਜਾ ਸਕਦੀ ਹੈ ।

**ਢੁਕਵੀਆਂ ਕਿਸਮਾਂ** : ਘੱਟ ਅਤੇ ਦਰਮਿਆਨਾ ਸਮਾਂ ਲੈਣ ਵਾਲੀਆਂ ਕਿਸਮਾਂ ਠੀਕ ਹਨ ।

**ਢੁਕਵੀ ਜ਼ਮੀਨ** : ਝੋਨੇ ਦੀ ਸਿੱਧੀ ਬਿਜਾਈ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿਚ ਹੀ ਕਰਨੀ ਚਾਹੀਦੀ ਹੈ । ਹਲਕੀਆਂ ਜ਼ਮੀਨਾਂ ਵਿਚ ਝੋਨੇ ਦੀ ਸਿੱਧੀ ਬਿਜਾਈ ਨਹੀਂ ਕਰਨੀ ਚਾਹੀਦੀ, ਕਿਉਂਕਿ ਲੋਹੇ ਦੀ ਘਾਟ ਆਉਣ ਨਾਲ ਝਾੜ 'ਤੇ ਮਾੜਾ ਅਸਰ ਪੈਂਦਾ ਹੈ ।

**ਬਿਜਾਈ ਦਾ ਸਮਾਂ** : ਝੋਨੇ ਦੀ ਸਿੱਧੀ ਬਿਜਾਈ ਜੂਨ ਮਹੀਨੇ ਦੇ ਪਹਿਲੇ ਪੰਦਰ੍ਹਵਾੜੇ ਵਿਚ ਕਰਨੀ ਚਾਹੀਦੀ ਹੈ । ਅਗੇਤੀ ਬਿਜਾਈ ਕਰਨ ਨਾਲ ਝਾੜ ਤੇ ਮਾੜਾ ਅਸਰ ਪੈਂਦਾ ਹੈ ।

**ਖੇਤ ਦੀ ਤਿਆਰੀ** : ਖੇਤ ਨੂੰ ਦੋ ਵਾਰ ਤਵੀਆਂ ਮਾਰਨ ਤੋਂ ਬਾਅਦ ਇਕ ਵਾਰ ਹਲਾਂ ਨਾਲ ਵਾਹੋ ਅਤੇ ਬਾਅਦ ਵਿਚ ਸੁਹਾਗਾ ਫੇਰਨਾ ਚਾਹੀਦਾ ਹੈ । ਇਸ ਤੋਂ ਬਾਅਦ ਖੇਤ ਨੂੰ ਲੇਜ਼ਰ ਕਰਾਹੇ ਨਾਲ ਪੱਧਰਾ ਕਰੋ । ਲੇਜ਼ਰ ਕਰਾਹੇ ਨਾਲ ਖੇਤ ਪੱਧਰਾ ਕਰਨ ਨਾਲ ਪਾਣੀ ਇਕਸਾਰ ਲੱਗਦਾ ਹੈ, ਜਿਸ ਨਾਲ ਪਾਣੀ ਦੀ ਬੱਚਤ ਦੇ ਨਾਲ ਫਸਲ ਦਾ ਪੁੰਗਾਰਾ ਵਧੀਆ ਹੁੰਦਾ ਹੈ ।

**ਬੀਜ ਦੀ ਮਾਤਰਾ** : ਇਕ ਏਕੜ ਦੀ ਬਿਜਾਈ ਲਈ 8-10 ਕਿਲੋਗ੍ਰਾਮ ਬੀਜ ਦੀ ਵਰਤੋਂ ਕਰੋ ।

**ਬੀਜ ਦੀ ਸੋਧ** : ਬੀਜ ਨੂੰ 12 ਘੰਟੇ 2% ਪੋਟਾਸ਼ੀਅਮ ਨਾਈਟ੍ਰੇਟ ਦੇ ਘੋਲ (10 ਲਿਟਰ ਪਾਣੀ ਵਿਚ 200 ਗ੍ਰਾਮ ਪੋਟਾਸ਼ੀਅਮ ਨਾਈਟ੍ਰੇਟ) ਵਿਚ ਭਿਉਂ ਕੇ ਰੱਖਣ ਤੋਂ ਬਾਅਦ ਛਾਵੇਂ ਸੁਕਾ ਕੇ, 3 ਗ੍ਰਾਮ ਸਪਰਿੰਟ 75 ਡਬਲਿਊ ਐੱਸ (ਮੈਨਕੋਜ਼ੇਬ+ਕਾਰਬੈਂਡਾਜ਼ਿਮ) ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲੈਣਾ ਚਾਹੀਦਾ ਹੈ ।



**ਬਿਜਾਈ ਦਾ ਢੰਗ** : ਝੋਨੇ ਦੀ ਸਿੱਧੀ ਬਿਜਾਈ ਤਰ-ਵੱਤਰ ਖੇਤ ਵਿਚ ਡਰਿੱਲ ਨਾਲ, ਤਰ-ਵੱਤਰ ਖੇਤ ਵਿਚ ਬੈੱਡਾਂ ਉੱਪਰ ਅਤੇ ਸੁੱਕੇ ਖੇਤ ਵਿਚ ਡਰਿੱਲ ਨਾਲ ਕੀਤੀ ਜਾ ਸਕਦੀ ਹੈ । ਤਰ-ਵੱਤਰ ਵਿਚ ਝੋਨੇ ਦੀ ਸਿੱਧੀ ਬਿਜਾਈ ਲਈ ਖੇਤ ਨੂੰ ਲੇਜ਼ਰ ਕਰਾਹੇ ਨਾਲ ਪੱਧਰਾ ਕਰਨ ਤੋਂ ਬਾਅਦ ਕਿਆਰੇ ਪਾ ਰੌਣੀ ਕਰ ਦੇਣੀ ਚਾਹੀਦੀ ਹੈ । ਖੇਤ ਦੇ ਤਰ-ਵੱਤਰ ਹਾਲਤ ਵਿਚ ਆ ਜਾਣ ਤੋਂ ਬਾਅਦ ਕਿਆਰੇ ਪਾ ਕੇ ਰੌਣੀ ਕਰ ਦੇਣੀ ਚਾਹੀਦੀ ਹੈ । ਖੇਤ ਦੇ ਤਰ-ਵੱਤਰ ਹਾਲਤ ਵਿਚ ਆ ਜਾਣ ਤੋਂ ਬਾਅਦ ਖੇਤ ਨੂੰ ਹੋਛਾ ਵਾਹੁਣਾ ਚਾਹੀਦਾ ਹੈ । ਵਾਹੁਣ ਮਗਰੋਂ ਸੁਹਾਗੇ ਉੱਪਰ 3 ਮਿੱਟੀ ਦੀਆਂ ਬੋਰੀਆਂ ਰੱਖ ਕੇਦ 2-3 ਵਾਰ ਸੁਹਾਗਾ ਮਾਰੋ । ਸੁਹਾਗਾ ਮਾਰਨ ਤੋਂ ਤੁਰੰਤ ਬਾਅਦ ਡਰਿੱਲ ਨਾਲ 20 ਸੈਂਟੀਮੀਟਰ ਦੂਰ ਕਤਾਰਾਂ ਵਿਚ 3-4 ਸੈਂਟੀਮੀਟਰ ਡੂੰਘੀ ਬਿਜਾਈ ਕਰੋ ।

ਝੋਨੇ ਦੀ ਸਿੱਧੀ ਬਿਜਾਈ ਖੇਤ ਦੀ ਤਿਆਰੀ ਅਤੇ ਬਿਜਾਈ ਦੁਪਹਿਰ ਸਮੇਂ ਨਾ ਕਰੋ । ਸਿੱਧੀ ਬਿਜਾਈ ਲਈ ਲੱਕੀ ਸੀਡ ਡਰਿੱਲ ਦੀ ਵਰਤੋਂ ਕਰੋ, ਜੋ ਬਿਜਾਈ ਦੇ ਨਾਲ-ਨਾਲ ਨਦੀਨਨਾਸ਼ਕ ਦਾ ਛਿੜਕਾਅ ਵੀ ਕਰਦੀ ਹੈ । ਇਸ ਡਰਿੱਲ ਨਾਲ ਖੇਤ ਵਿਚ ਨਮੀਂ ਜ਼ਿਆਦਾ ਸਮੇਂ ਤੱਕ ਬਰਕਰਾਰ ਰਹਿਣ ਕਰਕੇ ਨਦੀਨਾਂ ਦੀ ਰੋਕਥਾਮ ਵੀ ਜ਼ਿਆਦਾ ਚੰਗੀ ਤਰ੍ਹਾਂ ਹੁੰਦੀ ਹੈ । ਜੇਕਰ ਝੋਨੇ ਦੀ ਸਿੱਧੀ ਬਿਜਾਈ ਟੇਢੀਆਂ ਪਲੇਟਾਂ ਵਾਲੀ ਟਰੈਕਟਰ ਡਰਿੱਲ ਨਾਲ ਕੀਤੀ ਗਈ ਹੋਵੇ ਤਾਂ ਬਿਜਾਈ ਤੋਂ ਤੁਰੰਤ ਬਾਅਦ ਨਦੀਨਨਾਸ਼ਕ ਦਾ ਛਿੜਕਾਅ ਕਰਨਾ ਚਾਹੀਦਾ ਹੈ ।

**ਨਦੀਨਾਂ ਦੀ ਰੋਕਥਾਮ** : ਸਿੱਧੇ ਬੀਜੇ ਝੋਨੇ ਵਿਚ ਨਦੀਨਾਂ ਦੀ ਰੋਕਥਾਮ ਲਈ ਸਭ ਤੋਂ ਪਹਿਲਾਂ ਸਿੱਧੀ-ਸਿੱਧੀ ਇਹ ਪਛਾਣ ਹੋਣੀ ਚਾਹੀਦੀ ਹੈ ਕਿ ਨਦੀਨ ਘਾਹ ਰੂਪੀ ਹੈ ਜਾਂ ਚੌੜੀ ਪੱਤੀ ਵਾਲਾ । ਘਾਹ ਰੂਪੀ ਨਦੀਨਾਂ ਅਤੇ ਚੌੜੀ ਪੱਤੀ ਵਾਲੇ ਨਦੀਨਾਂ ਦੀ ਰੋਕਥਾਮ ਲਈ ਵੱਖ-ਵੱਖ ਨਦੀਨਨਾਸ਼ਕ ਹਨ । ਸਿੱਧੇ ਬੀਜੇ ਝੋਨੇ ਵਿਚ ਸਵਾਂਕ, ਝੋਨੇ ਦੇ ਮੋਥੇ, ਗੰਢੀ ਵਾਲਾ ਮੋਥਾ, ਗੁੜਤ ਮਧਾਣਾ, ਲੈਪਟੋਕਲੋਆ ਘਾਹ, ਚਿੜੀ ਘਾਹ, ਤੱਕੜੀ ਘਾਹ ਅਤੇ ਚੌੜੀ ਪੱਤੀ ਵਾਲੇ ਨਦੀਨ ਜਿਵੇਂ ਇੱਟਸਿੱਟ ਆਦਿ ਨਦੀਨ ਹੋ ਸਕਦੇ ਹਨ । ਇਸ ਲਈ ਨਦੀਨ ਨਾਸ਼ਕ ਦੀ ਚੋਣ ਕਰਨ ਦੀ ਲੋੜ ਹੈ ।

**ਖਾਦਾਂ ਦੀ ਵਰਤੋਂ** : ਸਿੱਧੇ ਬੀਜੇ ਝੋਨੇ ਵਿਚ 130 ਕਿਲੋ ਯੂਰੀਆ ਪ੍ਰਤੀ ਏਕੜ ਪਾਉਣੀ ਚਾਹੀਦੀ ਹੈ । ਯੂਰੀਆਂ ਨੂੰ ਤਿੰਨ ਬਰਾਬਰ ਹਿੱਸਿਆਂ ਵਿਚ ਵੰਡ ਕੇ ਬਿਜਾਈ ਤੋਂ 4,6 ਅਤੇ 9 ਹਫਤਿਆਂ ਬਾਅਦ ਪਾਓ ।

**ਸਿੰਚਾਈ** : ਤਰ-ਵੱਤਰ ਖੇਤ ਵਿਚ ਬੀਜੇ ਝੋਨੇ ਨੂੰ ਪਹਿਲਾਂ ਪਾਣੀ ਬਿਜਾਈ ਤੋਂ ਤਕਰੀਬਨ 21 ਦਿਨਾਂ ਬਾਅਦ ਅਤੇ ਅਗਲੇ ਪਾਣੀ ਜ਼ਮੀਨ ਦੀ ਕਿਸਮ ਅਨੁਸਾਰ 5-7 ਦਿਨਾਂ ਦੇ ਵਕਫੇ 'ਤੇ ਲਾਓ । ਸੁੱਕੇ ਖੇਤ ਵਿਚ ਝੋਨੇ ਦੀ ਸਿੱਧੀ ਬਿਜਾਈ ਦੇ ਤੁਰੰਤ ਬਾਅਦ ਪਾਣੀ ਲਾਓ ।

**ਕਟਾਈ ਅਤੇ ਝੜਾਈ** : ਪਰਾਲੀ ਦਾ ਰੰਗ ਪੀਲਾ ਹੋਣ ਅਤੇ ਮੁੰਜਰਾਂ ਦੇ ਪੱਕ ਜਾਣ 'ਤੇ ਝੋਨੇ ਦੀ ਕਟਾਈ ਲਈ ਪੀ. ਏ. ਯੂ. ਸੁਪਰ ਐਸ ਐਮ ਐਸ (ਸੁਪਰ ਸਟਰਾਅ ਮੈਨੇਜਮੈਂਟ ਸਿਸਟਮ) ਸਿਸਟਮ ਵਾਲੀ ਕੰਬਾਇਨ ਨੂੰ ਤਰਜੀਹ ਦਿਓ ।

# ਵਿਸ਼ਵ ਸ਼ਹਿਦ ਮੱਖੀ ਦਿਵਸ 2025 ਮੌਕੇ ਪਾਠਕਾਂ ਲਈ ਇੱਕ ਸੁਨੇਹਾ

20 ਮਈ ਨੂੰ ਦੁਨੀਆਂ ਭਰ ਵਿੱਚ 'ਸ਼ਹਿਦ ਮੱਖੀ ਦਿਵਸ' ਮਨਾਇਆ ਜਾਂਦਾ ਹੈ । ਸ਼ਹਿਦ ਮੱਖੀਆਂ ਦੁਆਰਾ ਪਰਾਗਣ ਸੇਵਾਵਾਂ, ਖੇਤੀ ਪੈਦਾਵਾਰ ਅਤੇ ਖਾਦ ਸੁਰੱਖਿਆ ਵਿੱਚ ਯੋਗਦਾਨ ਅਤੇ ਇਹਨਾਂ ਨੂੰ ਦਰਪੇਸ਼ ਖਤਰਿਆਂ ਬਾਰੇ ਜਾਗਰੂਕਤਾ ਵਧਾਉਣ ਲਈ ਸੰਯੁਕਤ ਰਾਸ਼ਟਰ ਨੇ 20 ਮਈ ਨੂੰ 'ਵਿਸ਼ਵ ਸ਼ਹਿਦ ਮੱਖੀ ਦਿਵਸ' ਵਜੋਂ ਮਨਾਉਣ ਲਈ ਘੋਸ਼ਿਤ ਕੀਤਾ । ਇਹ ਤਾਰੀਖ ਯੂਰੋਪ ਵਿੱਚ ਸਲੋਵੈਨੀਆ ਦੇ ਅਨਤੋਨ ਜਾਨਸ਼ਾ ਦੇ ਜਨਮ ਦਿਨ ਨਾਲ ਸੰਬੰਧਿਤ ਹੈ, ਜੋ 18ਵੀਂ ਸਦੀ ਵਿੱਚ ਆਧੁਨਿਕ ਮਧੂਮੱਖੀ ਪਾਲਣ ਦੇ ਮੋਢੀ ਵਜੋਂ ਜਾਣੇ ਜਾਂਦੇ ਹਨ ।



ਇਸ ਦਿਨ ਦਾ ਮੁੱਖ ਮਕਸਦ ਸ਼ਹਿਦ ਮੱਖੀਆਂ ਅਤੇ ਹੋਰ ਪਰਾਗਣ ਕਰਨ ਵਾਲੇ ਜੀਵਾਂ ਦੀ ਮਹੱਤਤਾ ਨੂੰ ਸਮਝਣਾ ਅਤੇ ਉਹਨਾਂ ਦੀ ਸੁਰੱਖਿਆ ਲਈ ਜ਼ਰੂਰੀ ਉਪਾਅ ਕਰਨਾ ਹੈ । ਇਸ ਨਾਲ ਵਿਸ਼ਵ ਭਰ ਵਿੱਚ ਖਾਦ ਸੁਰੱਖਿਆ ਨਾਲ ਜੁੜੀਆਂ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਜੈਵਿਕ ਵਿਭਿੰਨਤਾ ਨੂੰ ਬਰਕਰਾਰ ਰੱਖਣ ਵਿੱਚ ਮਦਦ ਮਿਲੇਗੀ ।

**ਸ਼ਹਿਦ ਮੱਖੀਆਂ ਦੀ ਮਹੱਤਤਾ :**

ਇੱਕ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਸਾਡੀ ਖੁਰਾਕ ਦਾ ਇੱਕ-ਤਿਹਾਈ ਹਿੱਸਾ ਸ਼ਹਿਦ ਮੱਖੀਆਂ ਅਤੇ ਹੋਰ ਜੀਵਾਂ ਦੁਆਰਾ ਕੀਤੀ ਜਾਣ ਵਾਲੀ ਪਰਾਗਣ ਕਿਰਿਆ 'ਤੇ ਨਿਰਭਰ ਕਰਦਾ ਹੈ । ਸ਼ਹਿਦ ਮੱਖੀਆਂ ਇਸ ਕੰਮ ਲਈ ਸਭ ਤੋਂ ਕੁਸ਼ਲ ਹਨ । ਸ਼ਹਿਦ ਮੱਖੀਆਂ ਦੁਆਰਾ ਪਰਾਗਣ ਨਾਲ ਫਲ, ਸਬਜ਼ੀਆਂ ਅਤੇ ਹੋਰ ਫ਼ਸਲਾਂ ਦੇ ਝਾੜ ਦੇ ਨਾਲ-ਨਾਲ ਗੁਣਵੱਤਾ ਵਿੱਚ ਵੀ ਵਾਧਾ ਹੁੰਦਾ ਹੈ ।

ਕਈਂ ਵਾਰ ਅਜਿਹੇ ਦਾਅਵੇ ਕਿਤਾਬੀ ਸਮਝ ਲਏ ਜਾਂਦੇ ਹਨ, ਪਰ ਇਸ ਤਰ੍ਹਾਂ ਦਾ ਅਗਿਆਨਤਾ ਭਰਿਆ ਰਵੱਈਆ ਘਾਤਕ ਸਾਬਤ ਹੋ ਸਕਦਾ ਹੈ । ਉਦਾਹਰਣ ਵਜੋਂ ਪਿਛਲੇ ਕੁੱਝ ਦਿਨਾਂ ਵਿੱਚ ਪੀ. ਏ. ਯੂ., ਲੁਧਿਆਣਾ ਵਿਖੇ ਸਥਿਤ ਪੌਦਿਆਂ ਦੇ ਹਸਪਤਾਲ (ਪਲਾਂਟ ਕਲੀਨਿਕ) ਵਿੱਚ ਕਈ ਕਿਸਾਨਾਂ ਨੇ ਆਪਣੇ ਖੇਤਾਂ ਵਿੱਚ ਬੀਜੀਆਂ ਕੱਦੂ ਜਾਤੀ ਦੀਆਂ ਵੱਲਾਂ ਵਿੱਚ ਫੁੱਲ-ਕਿਰਨ ਅਤੇ ਫੁੱਲਾਂ ਤੋਂ ਫਲ ਨਾ ਬਣਨ ਦੀ ਸਮੱਸਿਆ ਬਾਰੇ ਦੱਸਿਆ, ਜੋ ਕਿ ਵਧੇਰੇ ਗਰਮੀ ਦੇ ਨਾਲ-ਨਾਲ ਸ਼ਹਿਦ ਮੱਖੀਆਂ ਦੁਆਰਾ ਪਰਾਗਣ ਕਿਰਿਆ ਦੀ ਅਣਹੋਂਦ ਕਾਰਨ ਹੁੰਦਾ ਹੈ । ਇਹ ਫਲ ਸ਼ਹਿਦ ਮੱਖੀਆਂ ਦੀ ਮਿਹਨਤ ਨਾਲ ਉਤਪੰਨ ਹੁੰਦੇ ਹਨ ।

**ਖਤਰੇ ਅਤੇ ਚੁਣੌਤੀਆਂ :**

1. **ਕੀਟਨਾਸ਼ਕਾਂ ਦੀ ਦੁਰਵਰਤੋਂ** : ਖਾਸ ਕਰਕੇ ਨਿਓਨਿਕੋਟੀਨਾਇਡ, ਮੱਖੀਆਂ ਦੀ ਯਾਦਦਾਸ਼ਤ, ਸਿੱਖਣ ਦੀ ਸਮਰੱਥਾ ਅਤੇ ਪੂੰਗ ਦੇ ਵਾਧੇ 'ਤੇ ਪ੍ਰਭਾਵ ਪਾਉਂਦੇ ਹਨ ।

2. ਜੰਗਲਾਂ ਦੀ ਕਟਾਈ, ਮੋਨੋਕ੍ਰਾਪਿੰਗ, ਵਧੇਰੇ ਸ਼ਹਿਰੀਕਰਨ ਅਤੇ ਜਲਵਾਯੂ ਪਰਿਵਰਤਨ ਨਾਲ ਜੁੜੇ ਖਤਰੇ ।

3. ਵਰੋਆ ਚਿਚੜੀ, ਮੋਮੀ ਕੀੜੇ ਆਦਿ ਦੁਸ਼ਮਣਾਂ ਤੋਂ ਸ਼ਹਿਦ ਮੱਖੀਆਂ ਦੇ ਛੱਤਿਆਂ ਦਾ ਨੁਕਸਾਨ ।

4. ਸ਼ਹਿਦ ਮੱਖੀਆਂ ਦੀ ਘੱਟ ਰਹੀ ਗਿਣਤੀ ਅਤੇ ਪਰਾਗਣ ਕਰਨ ਵਾਲੀਆਂ ਹੋਰ ਜੰਗਲੀ ਮੱਖੀਆਂ ਦੀਆਂ ਕਈ ਪ੍ਰਜਾਤੀਆਂ ਦਾ ਲੁਪਤ ਹੋਣਾ ਜਾਂ ਲੁਪਤ ਹੋਣ ਦੇ ਕੰਢੇ 'ਤੇ ਹੋਣਾ ।

**ਅਸੀਂ ਕੀ ਕਰ ਸਕਦੇ ਹਾਂ ?**

**(ੳ) ਵਿਅਕਤੀਗਤ ਪੱਧਰ 'ਤੇ**

1. ਸਥਾਨਕ ਕਿਸਾਨਾਂ ਤੋਂ ਸ਼ਹਿਦ ਖਰੀਦੋ ।

2. ਜਿੱਥੇ ਸੰਭਵ ਹੋਵੇ, ਜੰਗਲੀ ਮਧੂ ਮੱਖੀਆਂ ਦੇ ਛੱਤਿਆਂ ਦੀ ਰੱਖਿਆ ਕਰੋ ।

3. ਸ਼ਹਿਦ ਮੱਖੀਆਂ ਅਤੇ ਹੋਰ ਜੰਗਲੀ ਮੱਖੀਆਂ ਦੇ ਕੁਦਰਤੀ ਆਵਾਸ, ਖੁਰਾਕੀ ਫ਼ਸਲਾਂ ਅਤੇ ਮੌਸਮੀ ਪ੍ਰਬੰਧਨ ਵਿੱਚ ਯੋਗਦਾਨ ਪਾਓ ।

4. ਆਪਸੀ ਭਾਈਚਾਰੇ ਅਤੇ ਨੈਟਵਰਕਾਂ ਵਿੱਚ ਇਹ ਜਾਣਕਾਰੀ ਵੰਡ ਕੇ ਜਾਗਰੂਕਤਾ ਵਧਾਓ ਕਿ ਸ਼ਹਿਦ ਮੱਖੀਆਂ ਦੀ ਘਟਦੀ ਗਿਣਤੀ ਸਮੁੱਚੀ ਮਨੁੱਖਤਾ ਨੂੰ ਪ੍ਰਭਾਵਿਤ ਕਰਦੀ ਹੈ ।

**(ਅ) ਸ਼ਹਿਦ ਮੱਖੀ ਪਾਲਕ ਜਾਂ ਕਿਸਾਨਾਂ ਦੇ ਪੱਧਰ 'ਤੇ**

1. ਅਜਿਹੇ ਸਥਾਨਕ ਪੌਦੇ ਲਗਾਓ, ਜੋ ਵੱਖ-ਵੱਖ ਸਮਿਆਂ ਵਿੱਚ ਖਿੜਦੇ ਹੋਣ ਤਾਂ ਜੋ ਸਾਲ ਭਰ ਸ਼ਹਿਦ ਮੱਖੀਆਂ ਨੂੰ ਖੁਰਾਕ ਮਿਲ ਸਕੇ । ਗਰਮੀਆਂ ਵਿੱਚ ਸਾਫ਼ ਪਾਣੀ ਦਾ ਪ੍ਰਬੰਧ ਜ਼ਰੂਰ ਕਰੋ ।

2. ਬਾਗਾਂ ਅਤੇ ਖੇਤਾਂ ਵਿੱਚ ਕੀਟਨਾਸ਼ਕਾਂ, ਫਫੂੰਦੀਨਾਸ਼ਕਾਂ ਜਾਂ ਨਦੀਨ-ਨਾਸ਼ਕਾਂ ਦੀ ਬੇਲੋੜੀ ਅਤੇ ਗੈਰ-ਜ਼ਿੰਮੇਦਾਰ ਵਰਤੋਂ ਤੋਂ ਬਚੋ । ਕੀਟਨਾਸ਼ਕਾਂ ਦੀ ਵਰਤੋਂ ਕੇਵਲ ਲੋੜ ਅਨੁਸਾਰ ਅਤੇ ਸ਼ਹਿਦ ਮੱਖੀਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖ ਕੇ ਕਰੋ ।

3. ਖੇਤੀ ਵਿਭਿੰਨਤਾ ਨੂੰ ਧਿਆਨ ਵਿੱਚ ਰੱਖ ਕੇ ਵੱਖ-ਵੱਖ ਫ਼ਸਲਾਂ / ਫਲਾਂ / ਸਬਜ਼ੀਆਂ ਦੀ ਖੇਤੀ ਕਰੋ ਅਤੇ ਖੇਤਾਂ ਵਿੱਚ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਓ ।

4. ਸ਼ਹਿਦ ਮੱਖੀਆਂ ਪਾਲਣ ਦਾ ਲਾਭਦਾਇਕ ਧੰਦਾ ਅਪਨਾਓ ਅਤੇ ਕਟੁੰਬਾਂ ਦੀ ਮੌਸਮੀ ਸਾਂਭ-ਸੰਭਾਲ ਵਿਗਿਆਨਕ ਢੰਗਾਂ ਨਾਲ ਕਰੋ, ਜਿਸ ਸੰਬੰਧੀ ਵਿਸਤ੍ਰਿਤ ਜਾਣਕਾਰੀ ਜਾਂ ਸਿਖਲਾਈ ਡਾਇਰੈਕਟੋਰੇਟ ਪਸਾਰ ਸਿੱਖਿਆ, ਪੀ. ਏ. ਯੂ., ਲੁਧਿਆਣਾ ਅਧੀਨ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਸਥਾਪਿਤ ਕ੍ਰਿਸ਼ੀ ਵਿਗਿਆਨ ਕੇਂਦਰਾਂ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ ।

**ਗੁਰਪ੍ਰੀਤ ਸਿੰਘ ਮੱਕੜ, ਕੇ. ਕੇ. ਗਿੱਲ ਅਤੇ ਤੇਜਿੰਦਰ ਸਿੰਘ ਰਿਆੜ, ਡਾਇਰੈਕਟੋਰੇਟ ਪਸਾਰ ਸਿੱਖਿਆ, ਪੀ. ਏ. ਯੂ., ਲੁਧਿਆਣਾ**
(ਮੋ. 81464-00248)

# ਮੱਛਰ ਕੰਟਰੋਲ ਕਰਨ ਲਈ ਕੀ ਕੀਤਾ ਜਾ ਸਕਦਾ ਹੈ?



ਡਾ. ਰਿਪੁਦਮਨ ਸਿੰਘ ਅਤੇ ਡਾ. ਅਰਜੁਨ ਚਾਵਲਾ, ਪਟਿਆਲਾ
ਮੋ. 9815200134, 9292200008

ਅੱਜਕੱਲ੍ਹ ਮੱਛਰਾਂ ਦਾ ਸੰਤਾਪ ਤੇਜ਼ੀ ਨਾਲ ਵੱਧ ਰਿਹਾ ਹੈ। ਛੋਟੇ ਛੋਟੇ ਦਿੱਖਣ ਵਾਲੇ ਮੱਛਰ ਡੇਂਗੂ, ਮਲੇਰੀਆ, ਚਿਕਨਗੁਨੀਆ ਅਤੇ ਜੀਕਾ ਵਾਇਰਸ ਵਰਗੀ ਜਾਨਲੇਵਾ ਬੀਮਾਰੀਆਂ ਫ਼ੈਲਾ ਰਹੇ ਹਨ। ਇਹਨਾਂ ਬੀਮਾਰੀਆਂ ਦੀ ਚਪੇਟ ਵਿੱਚ ਆਉਣ ਵਾਲੇ ਬੱਚਿਆਂ, ਬਜ਼ੁਰਗਾਂ ਅਤੇ ਕਮਜ਼ੋਰ ਇਮਿਊਨਿਟੀ ਵਾਲੇ ਲੋਕਾਂ ਲਈ ਹਾਲਤ ਗੰਭੀਰ ਹੋ ਸਕਦੇ ਹਨ। ਮੱਛਰ ਨਾ ਸਿਰਫ ਘਰ ਦੇ ਅੰਦਰ ਸਗੋਂ ਆਲੇ-ਦੁਆਲੇ ਦੇ ਖੁੱਲੇ ਇਲਾਕਿਆਂ, ਨਾਲੀਆਂ, ਗਮਲਿਆਂ, ਕੂਲਰਾਂ ਅਤੇ ਛੱਤ 'ਤੇ ਜਮਾਂ ਪਾਣੀ ਵਿੱਚ ਪੈਦਾ ਹੁੰਦੇ ਹਨ। ਖਾਸ ਗੱਲ ਇਹ ਹੈ ਕਿ ਡੇਂਗੂ ਫੈਲਾਉਣ ਵਾਲਾ ਏਡੀਜ਼ ਮੱਛਰ ਦਿਨ ਵਿੱਚ ਕੱਟਦਾ ਹੈ ਅਤੇ ਸਾਫ਼ ਪਾਣੀ ਵਿੱਚ ਅੰਡੇ ਦਿੰਦਾ ਹੈ ਜਿਸ ਦੇ ਨਾਲ ਇੰਫੈਕਸ਼ਨ ਦਾ ਖ਼ਤਰਾ ਹੋਰ ਵੀ ਵੱਧ ਜਾਂਦਾ ਹੈ। ਅਜਿਹੇ ਵਿੱਚ ਕੇਵਲ ਦਵਾਈਆਂ 'ਤੇ ਨਿਰਭਰ ਰਹਿਣਾ ਕਾਫ਼ੀ ਨਹੀਂ। ਸਾਨੂੰ ਮੱਛਰਾਂ ਤੋਂ ਬਚਾਅ ਲਈ ਪ੍ਰਭਾਵਸ਼ਾਲੀ ਅਤੇ ਸਥਾਈ ਉਪਰਾਲਿਆਂ ਨੂੰ ਅਪਨਾਉਣਾ ਜ਼ਰੂਰੀ ਹੈ।

### ਮੱਛਰ ਕੰਟਰੋਲ ਕਰਣ ਲਈ ਕੀ ਕੀਤਾ ਜਾ ਸਕਦਾ ਹੈ?

ਆਪਾਂ ਮੱਛਰਾਂ ਤੇ ਕਾਬੂ ਅਸਾਨੀ ਪਾ ਸਕਦੇ ਹਾਂ ਇਸ ਲਈ ਸਾਡੀ ਮਨ ਇੱਛਾ-ਸ਼ਕਤੀ ਮਜਬੂਤ ਹੋਣੀ ਚਾਹੀਦੀ ਹੈ ਅਤੇ ਇਹ ਸਭ ਕੁਝ ਆਪਣੇ ਹੱਥ ਵਿੱਚ ਹੈ। ਮੈਨੂੰ ਗਿਆਤ ਹੈ ਕਿ 1957 ਦੇ ਨੇੜੇ ਤੇੜੇ ਆਪਣੇ ਪੰਜਾਬ ਦੀ ਕੰਧਾਂ ਤੇ ਲਿਖਿਆ ਵੇਖਿਆ ਸੀ ਕਿ ਭਾਵੇਂ ਮੱਛਰ ਤੁਹਾਨੂੰ ਕੱਟਦਾ ਹੈ ਪਰ ਮਲੇਰਿਆ ਨਹੀਂ ਹੋਵੇਗਾ ਸੋ ਅਸੀ ਸਾਰੇ ਨਿਠਲੇ ਹੋ ਗਏ, ਮੱਛਰ ਕੱਟਣ ਵੀ ਲਗੇ ਤੇ ਮਲੇਰੀਆ ਵੀ ਲਗੇ ਤੇ ਮਲੇਰੀਆ ਵੀ ਹੋਣ ਲਗਾ। ਸੋ ਆਉ ਇਕ ਵਾਰ ਮੁੜ ਰਲ ਮਿਲ ਹੰਭਲਾ ਮਾਰੀਏ ਤੇ ਮੱਛਰ ਕੰਟਰੋਲ ਕਰੀਏ।

### ਘਰ ਵਿੱਚ ਪਾਣੀ ਜਮਾਂ ਨਾ ਹੋਣ ਦਿਓ

ਘਰ ਵਿੱਚ ਕਿੱਤੇ ਵੀ ਪਾਣੀ ਇੱਕਠਾ ਨਾ ਹੋਣ ਦਿਓ ਵਿਸ਼ੇਸ਼ ਰੂਪ ਤੋਂ ਕੂਲਰ, ਫੂਲਦਾਨ, ਟੰਕੀ, ਛਤ ਤੇ ਰੱਖੇ ਬਰਤਨ ਅਤੇ ਗਮਲਿਆਂ ਦੀਆਂ ਪਲੇਟੋਂ ਵਿੱਚ ਇਸ ਦੇ ਇਲਾਵਾ ਹਰ ਹਫਤੇ ਕੂਲਰ ਅਤੇ ਪਾਣੀ ਦੀਆਂ ਟੰਕੀਆਂ ਨੂੰ ਖਾਲੀ ਕਰ ਉਨ੍ਹਾਂ ਨੂੰ ਚੰਗੀ ਤਰਾਂ ਸਾਫ਼ ਕਰਨਾ ਚਾਹੀਦਾ ਹੈ। ਪਲਾਸਟਿਕ ਦੀਆਂ ਬੋਤਲਾਂ, ਟਾਇਰਾਂ ਅਤੇ ਹੋਰ ਭਾਡਿਆਂ ਨੂੰ ਉਲਟਾ ਕਰਕੇ ਰੱਖੋ, ਤਾਂ ਕਿ ਉਨ੍ਹਾਂ ਵਿੱਚ ਮੀਂਹ ਦਾ ਪਾਣੀ ਨਾ ਭਰ ਸਕੇ। ਨਾਲ ਹੀ ਨਾਲੀਆਂ ਦੀ ਸਫਾਈ ਵੀ ਸਮੇ ਸਮੇ ਤੇ ਕਰਦੇ ਰਹੋ। ਇਹ ਆਦਤ ਨਾ ਕੇਵਲ ਮੱਛਰਾਂ ਨੂੰ ਰੋਕਣ ਵਿੱਚ ਮਦਦ ਕਰੇਗੀ ਸਗੋਂ ਹੋਰ ਬੀਮਾਰੀਆਂ ਤੋਂ ਵੀ ਬਚਾਵੇਗੀ।



### ਨਿੰਮ ਅਤੇ ਲੇਮਨਗਰਾਸ ਦੇ ਤੇਲ ਦਾ ਛਿੜਕਾਅ ਕਰੋ

ਨੇਚੁਰਲ ਉਪਰਾਲਿਆਂ ਦੀ ਗੱਲ ਕੀਤੀ ਜਾਵੇ ਤਾਂ ਨਿੰਮ ਅਤੇ ਲੇਮਨਗਰਾਸ ਦੇ ਤੇਲ ਮੱਛਰ ਭਜਾਉਣ ਵਿੱਚ ਅਤਿਅੰਤ ਪ੍ਰਭਾਵਸ਼ਾਲੀ ਮੰਨੇ ਜਾਂਦੇ ਹਨ। ਇਨ੍ਹਾਂ ਦਾ ਛਿੜਕਾਅ ਘਰ ਦੇ ਖੂੰਜੀਆਂ, ਬਾਰੀਆਂ ਅਤੇ ਦਰਵਾਜੀਆਂ ਦੇ ਕੋਲ ਕਰਨ ਨਾਲ ਮੱਛਰ ਦੂਰ ਰਹਿੰਦੇ ਹਨ। ਨਿੰਮ ਦੇ ਤੇਲ ਵਿੱਚ ਕੀਟਾਰੋਧੀ ਗੁਣ ਹੁੰਦੇ ਹਨ ਅਤੇ ਇਸ ਦੀ ਵਰਤੋ ਪ੍ਰਾਚੀਨ ਸਮਿਆਂ ਤੋਂ ਕੀਤਾ ਜਾਂਦੀ ਰਹੀ ਹੈ। ਉਥੇ ਹੀ ਲੇਮਨਗਰਾਸ ਦਾ ਤਾਜ਼ਾ ਅਤੇ ਤੇਜ ਦਰਰਗੰਧ ਮੱਛਰਾਂ ਨੂੰ ਪਸੰਦ ਨਹੀਂ ਆਉਂਦੀ। ਤੁਸੀ ਚਾਹੀਆ ਤਾਂ ਇਨ੍ਹਾਂ ਦੋਨਾਂ ਤੇਲਾਂ ਨੂੰ ਇਕ ਸਪਰੇਅ ਬੋਤਲ ਵਿੱਚ ਮਿਲਾਕੇ ਆਪਣੇ ਘਰ ਵਿੱਚ ਛਿੜਕਾਂ ਸਕਦੇ ਹਾਂ। ਇਸ ਦੇ ਇਲਾਵਾ ਇਨ੍ਹਾਂ ਨੂੰ ਡਿਇਊਜ਼ਰ ਵਿੱਚ ਪਾ ਕੇ ਵੀ ਘਰ ਵਿੱਚ ਵਰਤੋ ਕੀਤੀ ਜਾ ਸਕਦਾ ਹੈ।

### ਬੂਹੇ ਤੇ ਬਾਰੀਆਂ ਉੱਤੇ ਮੱਛਰ ਜਾਲੀ ਲਗਾਉ

ਮੱਛਰਾਂ ਨੂੰ ਘਰ ਵਿੱਚ ਪਰਵੇਸ਼ ਹੋਣ ਤੇ ਰੋਕਣਾ ਉਨ੍ਹਾਂ ਦੀ ਰੋਕਥਾਮ ਦਾ ਸਭ ਤੋਂ ਸਰਲ ਪਰ ਪ੍ਰਭਾਵਸ਼ਾਲੀ ਉਪਾਅ ਹੈ। ਇਸ ਦੇ ਲਈ ਬਾਰੀਆਂ ਅਤੇ ਬੂਹਿਆਂ ਤੇ ਮੱਛਰ ਜਾਲੀ ਲਗਾਉਣਾ ਇੱਕ ਸਥਾਈ ਸਮਾਧਾਨ ਹੋ ਸਕਦਾ ਹੈ। ਇਹ ਉਪਾਅ ਵਿਸ਼ੇਸ਼ ਰੂਪ ਵਿੱਚ ਉਨ੍ਹਾਂ ਘਰਾਂ ਲਈ ਲਾਭਦਾਇਕ ਹੈ ਜੋ ਪਾਰਕ ਜਾਂ ਗਾਰਡਨ ਦੇ ਕੋਲ ਸਥਿਤ ਹਨ ਜਿੱਥੇ ਮੱਛਰਾਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ।

ਜਾਲੀ ਲਗਾਉਣ ਤੋਂ ਹਵਾ ਅਤੇ ਰੋਸ਼ਨੀ ਤਾਂ ਅੰਦਰ ਆਉਂਦੀ ਹੈ ਲੈਕਿਨ ਮੱਛਰ ਨਹੀਂ। ਇਹ ਇੱਕ ਪਰਿਆਵਰਣ ਅਨੁਕੂਲ ਉਪਾਅ ਹੈ। ਅਜਿਹਾ ਇਸ ਲਈਂ ਕਿਉਂ ਕਿ ਇਸ ਤੋਂ ਕੀਟਨਾਸ਼ਕਾਂ ਦਾ ਇਸਤੇਮਾਲ ਹੁੰਦਾ ਹੈ ਅਤੇ ਨਾ ਹੀ ਸਿਹਤ ਉਤੇ ਕਿਸੇ ਪ੍ਰਕਾਰ ਦਾ ਭੈੜਾ ਪ੍ਰਭਾਵ ਪੈਂਦਾ ਹੈ। ਕਿ ਇੱਕ ਵਾਰ ਮੱਛਰ ਜਾਲੀ ਲਗਵਾਨ ਨਾਲ ਸਾਲਾਂ ਤੱਕ ਫਾਇਦਾ ਮਿਲਦਾ ਹੈ।

### ਸੌਂਦੇ ਸਮੇਂ ਮੱਛਰਦਾਨੀ ਦਾ ਵਰਤੋ ਕਰੋ

ਰਾਤ ਵਿੱਚ ਸੌਂਦੇ ਸਮੇਂ ਮੱਛਰਦਾਨੀ ਦਾ ਇਸਤੇਮਾਲ ਕਰਣਾ ਇੱਕ ਨੇਕ ਉਪਾਅ ਹੈ। ਇਹ ਉਪਾਅ ਵਿਸ਼ੇਸ਼ ਰੂਪ ਤੋਂ ਬੱਚਿਆਂ ਅਤੇ ਬਜ਼ੁਰਗਾਂ ਲਈ ਜਰੂਰੀ ਹੈ। ਅਜਿਹਾ ਇਸ ਲਈ ਕਿਉਕਿ ਇਹਨਾਂ ਦੀ ਇੰਮਿਊਨਿਟੀ ਕਮਜ਼ੋਰ ਹੁੰਦੀ ਹੈ। ਅਤੇ ਮੱਛਰ ਦੇ ਕੱਟਣ ਨਾਲ ਇਨ੍ਹਾਂ ਨੂੰ ਜਲਦੀ ਇੰਫਿਕਸ਼ਨ ਹੋ ਸਕਦੀ ਹੈ। ਅੱਜਕੱਲ ਬਾਜ਼ਾਰ ਵਿੱਚ ਕਈ ਪ੍ਰਕਾਰ ਦੀ ਹਲਕੀਆਂ ਅਤੇ ਟਿਕਾਊ ਮੱਛਰਦਾਨੀਆਂ ਉਪਲੱਬਧ ਹਨ, ਜੋ ਆਰਾਮ ਨਾਲ ਬਿਸਤਰੇ ਜਾਂ ਫਰਸ਼ 'ਤੇ ਲਗਾਈਆਂ ਜਾ ਸਕਦੀਆਂ ਹਨ। ਮੱਛਰਦਾਨੀਆਂ ਦਾ ਇਸਤੇਮਾਲ ਕਰਨ ਨਾਲ ਨਾ ਕੇਵਲ ਮੱਛਰ ਤੋ ਬਚਾਵ ਹੁੰਦਾ ਹੈ, ਸਗੋਂ ਨੀਂਦ ਵੀ ਬਿਨ੍ਹਾਂ ਕਿਸੇ ਖਲਲ ਤੋਂ ਪੂਰੀ ਹੁੰਦੀ ਹੈ। ਇਹ ਇੱਕ ਕੈਮੀਕਲ ਫਰੀ ਅਤੇ ਕਿਫਾਇਤੀ ਸਮਾਧਾਨ ਹੈ, ਜੋ ਹਰ ਘਰ ਵਿੱਚ ਅਪਨਾਇਆ ਜਾਣਾ ਚਾਹੀਦਾ ਹੈ।

### ਮੱਛਰਾਂ ਨੂੰ ਦੂਰ ਭਜਾਉਣ ਵਾਲੇ ਬੂਟੇ ਲਗਾਓ

ਨੈਚੁਰਲ ਉਪਰਾਲਿਆਂ ਵਿੱਚ ਬੂਟੇ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ। ਤੁਲਸੀ, ਲੇਮਨਬਾਮ ਅਤੇ ਲੈਵੇਂਡਰ ਵਰਗੇ ਬੂਟੇ ਨਾ ਕੇਵਲ ਮਾਹੌਲ ਨੂੰ ਤਾਜ਼ਗੀ ਪ੍ਰਦਾਨ ਕਰਦੇ ਹਨ, ਸਗੋਂ ਮੱਛਰਾਂ ਨੂੰ ਵੀ ਦੂਰ ਰੱਖਦੇ ਹਨ। ਤੁਲਸੀ ਦੇ ਬੂਟੇ ਤੋਂ ਨਿਕਲਣ ਵਾਲੀ ਦੁਰਗੰਧ ਮੱਛਰਾਂ ਨੂੰ ਬਿਲਕੁੱਲ ਪਸੰਦ ਨਹੀਂ ਆਉਂਦੀ, ਜਿਸ ਦੇ ਨਾਲ ਉਹ ਘਰ ਦੇ ਕੋਲ ਵੀ ਨਹੀਂ ਭਟਕਦੇ। ਇਹਨਾਂ ਬੂਟਿਆਂ ਨੂੰ ਤੁਸੀਂ ਆਪਣੇ ਘਰ ਦੀਆਂ ਬਾਰੀਆਂ ਦੇ ਕੋਲ, ਬਾਲਕਨੀ ਵਿੱਚ ਜਾਂ ਬਗੀਚੇ ਵਿੱਚ ਲਗਾ ਕੇ ਮੱਛਰਾਂ ਤੋਂ ਨੈਚੁਰਲ ਸੁਰੱਖਿਆ ਪ੍ਰਾਪਤ ਕਰ ਸਕਦੇ ਹੋ। ਇਹ ਉਪਾਅ ਸਿਹਤ ਲਈ ਲਾਭਕਾਰੀ ਵੀ ਹੈ ਅਤੇ ਵਾਤਾਵਰਣ ਲਈ ਵੀ ਚੰਗੇ ਹਨ।

ਮੱਛਰਾਂ ਤੋਂ ਬਚਾਵ ਲਈ ਜਾਗਰੂਕਤਾ ਅਤੇ ਨੇਮੀ ਸਵੱਛਤਾ ਸਭ ਤੋਂ ਜ਼ਰੂਰੀ ਹੈ। ਕੈਮੀਕਲ ਪ੍ਰੋਡਕਟਸ 'ਤੇ ਨਿਰਭਰ ਰਹਿਣ ਦੀ ਬਜਾਏ ਜੇਕਰ ਅਸੀਂ ਨੈਚੁਰਲ ਉਪਰਾਲਿਆਂ ਨੂੰ ਅਪਣਾਉਂਦੇ ਹਾਂ ਤਾਂ ਨਾ ਕੇਵਲ ਆਪਣੇ ਘਰ ਨੂੰ ਮੱਛਰਾਂ ਤੋਂ ਸੁਰੱਖਿਅਤ ਰੱਖ ਸਕਦੇ ਹਾਂ, ਸਗੋਂ ਸਿਹਤ ਨੂੰ ਵੀ ਬਿਹਤਰ ਬਣਾ ਸਕਦੇ ਹਾਂ। ਪਰ ਦੱਸੇ ਗਏ ਉਪਾਅ ਜੇਕਰ ਨੇਮੀ ਰੂਪ ਨਾਲ ਅਪਨਾਏ ਜਾਣ ਤਾਂ ਮੱਛਰਾਂ 'ਤੇ ਕੰਟਰੋਲ ਪਾਇਆ ਜਾ ਸਕਦਾ ਹੈ ਅਤੇ ਉਨ੍ਹਾਂ ਨੂੰ ਹੋਣ ਵਾਲੀਆਂ ਬਿਮਾਰੀਆਂ ਤੋਂ ਵੀ ਬਚਿਆ ਜਾ ਸਕਦਾ ਹੈ।

## ਨਾੜ ਨੂੰ ਸਾੜਨ ਦੀ ਬਜਾਏ ਇਸ ਦਾ ਢੁੱਕਵਾਂ ਹੱਲ ਲੱਭਣਾ ਜ਼ਰੂਰੀ

ਇੱਕ ਪਾਸੇ ਵਾਤਾਵਰਨ ਨੂੰ ਸ਼ੁੱਧ ਅਤੇ ਸਾਫ਼-ਸੁਥਰਾ ਰੱਖਣ ਲਈ ਵੱਧ ਤੋਂ ਵੱਧ ਦਰੱਖ਼ਤ ਲਗਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ, ਕਿਉਂਕਿ ਦਰੱਖਤ ਸਾਡੀ ਜ਼ਿੰਦਗੀ ਵਿੱਚ ਬਹੁਤ ਵਧੀਆ ਭੂਮਿਕਾ ਨਿਭਾਉਂਦੇ ਹਨ ਪਰ ਕਿਸਾਨਾਂ ਵੱਲੋਂ ਖੇਤਾਂ ਵਿੱਚ ਖੜ੍ਹੇ ਸੁੱਕੇ ਨਾੜਾਂ ਨੂੰ ਅੱਗ ਲਗਾਉਣਾ ਗੰਭੀਰ ਚਿੰਤਾ ਦਾ ਵਿਸ਼ਾ ਹੈ। ਅਨੇਕਾਂ ਕੀੜੇ-ਮਕੌੜੇ ਤੇ ਪੰਛੀ ਇਸ ਅੱਗ ਦੀ ਲਪੇਟ ਵਿੱਚ ਆ ਕੇ ਮਰ ਜਾਂਦੇ ਹਨ। ਇਸ ਲਈ ਕਸੂਰਵਾਰ ਕੌਣ ਹੈ ? ਜ਼ਿੰਮੇਵਾਰ ਕੌਣ ਹੈ ? ਇੱਕ ਪਾਸੇ ਲੋਕ ਪੰਛੀਆਂ ਤੇ ਜਾਨਵਰਾਂ ਨੂੰ ਪਿਆਰ ਕਰਦੇ ਹਨ, ਉਨ੍ਹਾਂ ਵਾਸਤੇ ਆਲ੍ਹਣੇ ਬਣਾਉਂਦੇ ਹਨ, ਉਨ੍ਹਾਂ ਦੇ ਪੀਣ ਲਈ ਛੱਤਾਂ ਉੱਤੇ ਪਾਣੀ ਰੱਖਦੇ ਹਨ ਪਰ ਦੂਜੇ ਪਾਸੇ ਖੇਤਾਂ ਵਿੱਚ ਅੱਗ ਲਗਾਉਣ ਨਾਲ ਬਹੁਤ ਸਾਰੇ ਪੰਛੀ ਬੇਹਾਲ ਹੋ ਕੇ ਮਰ ਜਾਂਦੇ ਹਨ। ਧਰਤੀ ਉੱਤੇ ਫਿਰਦੇ ਕੀੜੇ-ਮਕੌੜਿਆਂ ਨੂੰ ਇਹ ਪਤਾ ਵੀ ਨਹੀਂ ਹੋਣਾ ਕਿ ਉਹ ਭਿਆਨਕ ਅੱਗ ਦੀ ਲਪੇਟ ਵਿੱਚ



ਆ ਜਾਣਗੇ। ਕਈ ਲੋਕਾਂ ਲਈ ਇਹ ਇੱਕ ਵੱਡਾ ਪਾਪ ਅਤੇ ਜੀਵ ਹੱਤਿਆ ਹੈ। ਤੂੜੀ ਦੀ ਕੰਬਾਈਨ ਨਾਲ ਕਟਾਈ ਤੋਂ ਬਾਅਦ ਜ਼ਮੀਨ ਤੋਂ ਕੁੱਝ ਉੱਪਰ ਕੱਟੇ ਹੋਏ ਮੁੱਢਾਂ ਜਾਂ ਕਣਕ ਦੇ ਨਾੜ ਨੂੰ ਮਚਾਉਣ ਨਾਲ ਵਾਤਾਵਰਨ ਵਿੱਚ ਹਾਨੀਕਾਰਕ ਗੈਸਾਂ ਰਲਦੀਆਂ ਹਨ। ਇਸ ਨਾਲ ਮੁੱਢਲੇ ਅਤੇ ਸੂਖ਼ਮ ਤੱਤ ਨਸ਼ਟ ਹੋ ਜਾਂਦੇ ਹਨ, ਮਿੱਟੀ ਵਿਚਲੇ ਜੈਵਿਕ ਤੱਤਾਂ ਦਾ ਵੀ ਨੁਕਸਾਨ ਹੁੰਦਾ ਹੈ ਅਤੇ ਅੱਗ ਨਾਲ ਹੋਰ ਵੀ ਹਾਦਸੇ ਵਾਪਰ ਸਕਦੇ ਹਨ। ਬਚੇ ਹੋਏ ਕਣਕ ਦੇ ਨਾੜ ਦੀ ਸੰਭਾਲ ਵਾਸਤੇ ਇਸ ਨੂੰ ਮਿੱਟੀ ਵਿੱਚ ਮਿਲਾਉਣਾ ਅਤੇ ਗਾਲਣਾ ਜ਼ਰੂਰੀ ਹੈ। ਇਨ੍ਹਾਂ ਤਰੀਕਿਆਂ ਨਾਲ ਕਣਕ ਦੇ ਨਾੜ ਨੂੰ ਖੇਤ ਵਿੱਚ ਸੰਭਾਲਿਆ ਜਾ ਸਕਦਾ ਹੈ।

ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨਾ ਸਿਹਤ ਲਈ ਬੇਹਦ ਖ਼ਤਰਨਾਕ ਹੈ। ਇਸ ਤੋਂ ਪੈਦਾ ਹੋਇਆ ਧੂੰਆਂ ਵਾਤਾਵਰਨ ਵਿੱਚ ਜ਼ਹਿਰ ਘੋਲ ਦਿੰਦਾ ਹੈ। ਪਰਾਲੀ ਨੂੰ ਅੱਗ ਲਗਾਉਣ ਨਾਲ ਕਿਸਾਨਾਂ ਨੂੰ ਵਿੱਤੀ ਨੁਕਸਾਨ ਪਹੁੰਚਦਾ ਹੈ। ਪਰ ਇਸ ਮੁੱਦੇ ਦਾ ਹੱਲ ਨਾ ਤਾਂ ਕਿਸਾਨਾਂ ਕੋਲ ਹੈ ਨਾ ਹੀ ਸਰਕਾਰ ਇਸ ਸੰਬੰਧੀ ਕੋਈ ਠੋਸ ਹੱਲ ਕੱਢ ਸਕੀ। ਆਓ, ਜਾਣਦੇ ਹਾਂ ਪਰਾਲੀ ਨੂੰ ਅੱਗ ਲਗਾਉਣ ਨਾਲ ਕੀ-ਕੀ ਨੁਕਸਾਨ ਹੁੰਦਾ ਹੈ। ਖੇਤੀਬਾੜੀ ਤੇ ਵਾਤਾਵਰਨ ਮਾਹਿਰਾਂ ਮੁਤਾਬਿਕ ਪਰਾਲੀ ਸਾੜਨ ਨਾਲ ਫ਼ਸਲਾਂ ਦੇ ਵਧਣ-ਫੁਲਣ ਲਈ ਲੋੜੀਂਦੀ ਮੱਲੜ ਅਤੇ ਕਿੰਨੇ ਲੱਖ ਟਨ ਆਰਗੈਨਿਕ ਕਾਰਬਨ ਸੜ ਜਾਂਦੇ ਹਨ, ਜਿਸ ਨਾਲ ਧਰਤੀ ਦੀ ਉਪਜਾਊ ਸ਼ਕਤੀ ਘੱਟਦੀ ਹੈ। ਨਾੜ ਨੂੰ ਅੱਗ ਲਗਾਉਣ ਉਪਰੰਤ ਪੋਸ਼ਕ ਤੱਤ ਆਕਸੀਜ਼ਨ ਦੀ ਮੌਜੂਦਗੀ ਵਿੱਚ ਅੱਗ ਨਾਲ ਕਿਰਿਆ ਕਰਕੇ ਜ਼ਹਿਰੀਲੇ ਆਕਸਾਈਡਾਂ ਦੇ ਰੂਪ ਵਿੱਚ ਵਾਤਾਵਰਨ ਗੰਧਲਾ ਕਰਦੇ ਹਨ।

ਇਸ ਤੋਂ ਬਿਨਾਂ ਝੋਨੇ ਦੀ ਨਾੜ ਦੇ ਧੂੰਏਂ ਤੋਂ ਪੈਦਾ ਹੋਈ ਜ਼ਹਿਰੀਲੀ ਗੈਸ ਕਾਰਬਨ ਮੋਨੋਆਕਸਾਈਡ, ਲਾਲ ਕਣਾਂ ਨਾਲ ਕਿਰਿਆ ਕਰਕੇ ਖ਼ੂਨ ਦੀ ਆਕਸੀਜ਼ਨ ਲੈ ਜਾਣ ਦੀ ਸਮਰੱਥਾ ਘਟਾਉਂਦੀ ਹੈ। ਕਾਰਬਨ ਡਾਈਆਕਸਾਈਡ ਅੱਖਾਂ ਅਤੇ ਸਾਹ ਨਲੀ ਵਿੱਚ ਜਲਣ ਪੈਦਾ ਕਰਦੀ ਹੈ। ਜ਼ਹਿਰੀਲੀਆਂ ਗੈਸਾਂ ਦਾ ਸਭ ਤੋਂ ਵੱਧ ਅਸਰ ਬੱਚਿਆਂ ਉੱਤੇ ਹੁੰਦਾ ਹੈ ਕਿਉਂਕਿ ਬੱਚਿਆਂ ਦੀ ਮੈਟਾਬੋਲਿਕ ਐਕਟੀਵਿਟੀ ਤੇਜ਼ ਹੋਣ ਕਾਰਨ ਉਨ੍ਹਾਂ ਵਿੱਚ ਗੈਸਾਂ ਨੂੰ ਗ੍ਰਹਿਣ ਕਰਨ ਦੀ ਸਮਰੱਥਾ ਜ਼ਿਆਦਾ ਹੁੰਦੀ ਹੈ। ਖੇਤਾਂ ਵਿੱਚੋਂ ਪੈਦਾ ਹੋਏ ਇਸ ਧੂੰਏਂ ਦੀਆਂ ਜ਼ਹਿਰੀਲੀਆਂ ਗੈਸਾਂ ਗਰਭਵਤੀ ਔਰਤਾਂ ਤੇ ਗਰਭ ਵਿੱਚ ਪਲ ਰਹੇ ਬੱਚਿਆਂ ਉੱਤੇ ਮਾਰੂ ਅਸਰ ਕਰਦੀਆਂ ਹਨ। ਇਨ੍ਹਾਂ ਸੂਖ਼ਮ ਕਣਾਂ ਦੇ ਸਾਹ ਵਿੱਚ ਜਾਣ ਨਾਲ ਸਾਹ ਦੀਆਂ ਬਿਮਾਰੀਆਂ ਜਿਵੇਂ ਦਮਾ, ਖੰਘ, ਫੇਫੜਿਆਂ ਦੇ ਕੈਂਸਰ, ਸਾਹ ਨਾਲੀ ਦੀ ਸੋਜ ਆਦਿ ਹੋ ਜਾਂਦੀਆਂ ਹਨ, ਜਿਨ੍ਹਾਂ ਦੇ ਇਲਾਜ ਲਈ ਉਮਰ ਭਰ ਦਵਾਈ ਖਾਣੀ ਪੈਂਦੀ ਹੈ। ਅੱਗ ਲਗਾਉਣ ਨਾਲ ਜ਼ਮੀਨ ਦੀ ਤਹਿ ਉੱਤੇ ਮੌਜੂਦਾ ਸਾਰੇ ਕਾਰਬਨ ਤੱਤ ਅਲੋਪ ਹੋ ਜਾਂਦੇ ਹਨ, ਜਦੋਂ ਕਿ ਕਿਸਾਨ ਦੇ ਮਿੱਤਰ ਕੀੜੇ, ਬੈਕਟੀਰੀਆ, ਉਲੀ, ਕਾਈ, ਮਹੀਨ ਕੀੜੇ ਅੱਗ ਵਿੱਚ ਝੁਲਸ ਕੇ ਮਿੰਟਾਂ-ਸਕਿੰਟਾਂ ਵਿੱਚ ਖ਼ਤਮ ਹੋ ਜਾਂਦੇ ਹਨ।

ਅੱਗ ਸਾਡੇ ਘਰਾਂ, ਪਿੰਡਾਂ ਅਤੇ ਸ਼ਹਿਰਾਂ ਤੱਕ ਪਹੁੰਚ ਕੇ ਵੱਡਾ ਨੁਕਸਾਨ ਕਰ ਸਕਦੀ ਹੈ ਅਤੇ ਇਸ ਕਾਰਨ ਧੂੰਏਂ ਕਾਰਨ ਵਾਪਰਦੇ ਹਾਦਸਿਆਂ ਨਾਲ ਜਾਨ ਤੇ ਮਾਲ ਵੀ ਨੁਕਸਾਨੇ ਜਾਂਦੇ ਹਨ। ਭਾਵੇਂ ਵੱਖ-ਵੱਖ ਸਰਕਾਰਾਂ ਵੱਲੋਂ ਵੀ ਪਿਛਲੇ ਲੰਮੇ ਸਮੇਂ ਤੋਂ ਨਾੜ ਜਾਂ ਪਰਾਲੀ ਨੂੰ ਅੱਗ ਨਾ ਲਗਾਉਣ ਵਾਲੇ ਕਿਸਾਨਾਂ ਦਾ ਸਨਮਾਨ ਕਰਕੇ ਹੋਰਨਾਂ ਕਿਸਾਨਾਂ ਨੂੰ ਇਨ੍ਹਾਂ ਤੋਂ ਪ੍ਰੇਰਨਾ ਲੈਣ ਲਈ ਬਕਾਇਦਾ ਸੈਮੀਨਾਰ ਕਰਵਾਏ ਜਾਂਦੇ ਰਹੇ ਹਨ ਅਤੇ ਅਜਿਹੇ ਸਮਾਗਮਾਂ ਵਿੱਚ ਕਿਸਾਨ ਖ਼ੁਦ ਬਿਆਨ ਕਰਦੇ ਹਨ ਕਿ ਉਨ੍ਹਾਂ ਦੇ ਕਣਕ ਜਾਂ ਝੋਨੇ ਦੇ ਝਾੜ ਵਿੱਚ ਕੋਈ ਫ਼ਰਕ ਨਹੀਂ ਪਿਆ ਪਰ ਫਿਰ ਵੀ ਕਿਸਾਨਾਂ ਵੱਲੋਂ ਬਿਨਾਂ ਸੋਚੇ ਸਮਝੇ ਅਤੇ ਬਿਨਾਂ ਤਰਤੀਬ ਦੇ ਨਾੜ ਜਾਂ ਪਰਾਲੀ ਨੂੰ ਅੱਗ ਲਗਾਉਣ ਦੀ ਸੋਚ, ਸਮਝ ਤੋਂ ਹੀ ਬਾਹਰ ਹੈ। ਭਾਵੇਂ ਕਿਸਾਨਾਂ ਦਾ ਆਪਣਾ ਤਰਕ ਹੈ ਕਿ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਤੋਂ ਬਿਨਾਂ ਉਨ੍ਹਾਂ ਕੋਲ ਹੋਰ ਕੋਈ ਚਾਰਾ ਨਹੀਂ ਹੈ ਪਰ ਫਿਰ ਵੀ ਇਸ ਮਸਲੇ ਦਾ ਹੱਲ ਰਲ-ਮਿਲ ਕੇ ਕੱਢਣਾ ਚਾਹੀਦਾ ਹੈ। ਸੁੱਕੇ ਨਾੜ ਨੂੰ ਸਾੜਨ ਦੀ ਬਜਾਏ ਪੰਜਾਬ ਸਰਕਾਰ ਅਤੇ ਖੇਤੀਬਾੜੀ ਮਾਹਿਰ ਕਿਸਾਨਾਂ ਲਈ ਢੁੱਕਵਾਂ ਹੱਲ ਲੱਭਣ। ਸਰਕਾਰ ਅਤੇ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਨੂੰ ਵੀ ਇਸ ਪਾਸੇ ਗੰਭੀਰਤਾ ਨਾਲ ਕੰਮ ਕਰਨਾ ਚਾਹੀਦਾ ਹੈ ਤਾਂ ਕਿ ਅੱਗੇ ਤੋਂ ਕੋਈ ਵੀ ਕਿਸਾਨ ਅਜਿਹਾ ਕੁੱਝ ਕਰਨ ਬਾਰੇ ਨਾ ਸੋਚੇ।

ਪਵਨ ਗੁਪਤਾ, ਅਹਿਮਦਗੜ੍ਹ

# ਪਸ਼ੂਆਂ ਨੂੰ ਧੁੱਪ ਤੋਂ ਬਚਾਓ

ਗਰਮੀ ਵਿਚ ਵਾਧਾ ਹੋ ਗਿਆ ਹੈ। ਇਸ ਕਰਕੇ ਪਸ਼ੂਆਂ ਨੂੰ ਧੁੱਪ ਤੋਂ ਬਚਾਓ। ਡੰਗਰਾਂ ਨੂੰ ਤਾਂ ਬੱਚਿਆਂ ਵਾਂਗ ਪਿਆਰ ਕਰਨਾ ਚਾਹੀਦਾ ਹੈ। ਸਵੇਰੇ ਸ਼ਾਮ ਇਨ੍ਹਾਂ ਨਾਲ ਗੱਲਾਂ ਕਰੋ, ਪਿਆਰ ਕਰੋ ਤੇ ਪਲੋਸੋ, ਇਨ੍ਹਾਂ ਦੇ ਚਿਹਰੇ ਉੱਤੇ ਖੁਸ਼ੀ ਆਵੇਗੀ।

1. ਧੁੱਪ ਦੇ ਹੁੰਦਿਆਂ ਹੀ ਡੰਗਰਾਂ ਨੂੰ ਸੰਘਣੀ ਛਾਂ ਵਾਲੇ ਰੁੱਖ ਹੇਠ ਬੰਨ੍ਹਿਆ ਜਾਵੇ। ਜੇਕਰ ਅਜਿਹਾ ਨਹੀਂ ਹੋ ਸਕਦਾ ਹਵਾਦਾਰ ਸ਼ੈੱਡ ਵਿਚ ਰੱਖਿਆ ਜਾਵੇ। ਸ਼ੈੱਡ ਵਿਚ ਪੱਖੇ ਲਗਾਏ ਜਾਣ, ਜੇ ਹੋ ਸਕੇ ਤਾਂ ਕੂਲਰ ਵੀ ਲਗਾਏ ਜਾਣ। ਸ਼ੈੱਡ ਦੇ ਚੌਗਿਰਦੇ ਖੱਸ ਦੀਆਂ ਸਫਾਂ ਨੂੰ ਗਿੱਲਾ ਕਰਕੇ ਟੰਗਿਆ ਜਾਵੇ।

2. ਸਵੇਰੇ, ਦੁਪਹਿਰੇ ਤੇ ਸ਼ਾਮ ਨੂੰ ਡੰਗਰਾਂ ਨੂੰ ਤਾਜ਼ਾ ਪਾਣੀ ਪਿਲਾਇਆ ਜਾਵੇ। ਪਾਣੀ ਸਾਫ ਸੁੱਥਰਾ ਤੇ ਟਿਊਬਵੈੱਲ ਦਾ ਤਾਜ਼ਾ ਹੋਣਾ ਚਾਹੀਦਾ ਹੈ।



3. ਇਸ ਮਹੀਨੇ ਪਸ਼ੂਆਂ ਨੂੰ ਦਿਨ ਵਿਚ ਦੋ ਵਾਰ ਨੁਹਾਇਆ ਜਾਵੇ। ਕਈ ਪਸ਼ੂ ਪਾਲਕਾਂ ਨੇ ਫੁਹਾਰੇ ਲਗਾਏ ਹੋਏ ਹਨ, ਜਿਨ੍ਹਾਂ ਨਾਲ ਡੰਗਰਾਂ ਨੂੰ ਨੁਹਾਇਆ ਜਾਂਦਾ ਹੈ। ਦੋਗਲੀਆਂ ਗਊਆਂ ਲਈ ਤਾਂ ਇਹ ਬਹੁਤ ਜ਼ਰੂਰੀ ਹੈ।

ਗਰਮੀਆਂ ਵਿਚ ਆਮ ਕਰਕੇ ਦੁਧਾਰੂਆਂ ਦਾ ਦੁੱਧ ਘੱਟ ਜਾਂਦਾ ਹੈ। ਗਰਮੀ ਦੇ ਨਾਲੇ ਨਾਲ ਹਰੇ ਚਾਰੇ ਦੀ ਘਾਟ ਵੀ ਇਸ ਦਾ ਕਾਰਨ ਬਣਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਕ ਪਸ਼ੂ ਨੂੰ ਰੋਜ਼ਾਨਾ 40 ਕਿਲੋ ਹਰਾ ਚਾਰਾ ਚਾਹੀਦਾ ਹੈ। ਪੰਜਾਬ ਵਿਚ ਲਗਭਗ ਸਾਰੀ ਧਰਤੀ ਹੀ ਸੇਂਜੂ ਹੈ। ਇਸ ਕਰਕੇ ਇੱਥੇ ਸਾਰਾ ਸਾਲ ਹੀ ਹਰਾ ਚਾਰਾ ਪੈਦਾ ਕੀਤਾ ਜਾ ਸਕਦਾ ਹੈ। ਸਾਨੂੰ ਇਹ ਪ੍ਰਪੱਕ ਕਰ ਲੈਣਾ ਚਾਹੀਦਾ ਹੈ ਕਿ ਚਾਰੇ ਦੀ ਬਿਜਾਈ ਦੀ ਅਜਿਹੀ ਸਕੀਮ ਬਣਾਈ ਜਾਵੇ ਤਾਂ ਜੋ ਲੋੜ ਅਨੁਸਾਰ ਚਾਰਾ ਮਿਲਦਾ ਰਹੇ। ਗਰਮੀਆਂ ਵਿਚ ਮੱਕੀ, ਬਾਜਰਾ ਤੇ ਚਰ੍ਹੀ ਮੁੱਖ ਚਾਰੇ ਹਨ, ਜੇਕਰ ਇਨ੍ਹਾਂ ਵਿਚ ਰਵਾਂਹ ਰਲਾ ਕੇ ਬੀਜ ਦਿੱਤੇ ਜਾਣ ਤਾਂ ਚਾਰਾ ਹੋਰ ਵੀ ਪੌਸ਼ਟਿਕ ਹੋ ਜਾਂਦਾ ਹੈ। ਰਵਾਂਹ ਉਂਝ ਵੀ ਧਰਤੀ ਦੀ ਸਿਹਤ ਨੂੰ ਠੀਕ ਕਰਦੇ ਹਨ। ਇਸ ਦੇ ਨਾਲ ਹੀ ਪਸ਼ੂ ਨੂੰ ਲੋੜੀਂਦੀ ਖ਼ੁਰਾਕ ਵੀ ਚਾਹੀਦੀ ਹੈ। ਕਿਸਾਨਾਂ ਲਈ ਆਪ ਸੰਤੁਲਿਤ ਫੀਡ ਬਣਾਉਣਾ ਔਖਾ ਹੈ। ਸਾਰੇ ਤੱਤਾਂ ਨੂੰ ਇਕੱਠਾ ਕਰਨਾ ਤੇ ਸਹੀ ਮਾਤਰਾ ਵਿਚ ਰਲਾਉਣਾ ਕਠਿਨ ਹੋ ਜਾਂਦਾ ਹੈ। ਚੰਗੀਆਂ ਕੰਪਨੀਆਂ ਵੱਲੋਂ ਬਣਾਈ ਜਾ ਰਹੀ ਸੰਪੂਰਣ ਪਸ਼ੂ ਖੁਰਾਕ ਵਰਤੀ ਜਾਵੇ। ਇਹ ਆਮ ਆਖਿਆ ਜਾਂਦਾ ਹੈ ਪੌਸ਼ਟਿਕ ਆਹਾਰ-ਬਿਹਤਰ ਆਹਾਰ ਹੈ। ਜੇਕਰ ਖੁਰਾਕ ਵਧੀਆ ਹੋਵੇ ਤਾਂ ਡੰਗਰ ਸਿਹਤਮੰਦ ਰਹਿੰਦੇ ਹਨ, ਦੁੱਧ ਅਤੇ ਚਿਕਨਾਈ ਵਿਚ ਵਾਧਾ ਹੁੰਦਾ ਹੈ।

# ਖਰੀਫ ਫ਼ਸਲਾਂ ਦੀ ਬਿਜਾਈ ਸਮੇਂ ਸਿਰ ਕਰੋ




ਡਾ. ਰਣਜੀਤ ਸਿੰਘ

ਮਾਹਿਰਾਂ ਦਾ ਕਹਿਣਾ ਹੈ ਕਿ ਸੋਇਆਬੀਨ ਦੀ ਕਾਸ਼ਤ ਪੰਜਾਬ ਵਿਚ ਕੀਤੀ ਜਾ ਸਕਦੀ ਹੈ। ਇਸ ਦੀ ਕਾਸ਼ਤ ਲਈ ਜੂਨ ਦਾ ਪਹਿਲਾ ਪੰਦਰਵਾੜਾ ਢੁੱਕਵਾਂ ਸਮਾਂ ਹੈ। ਐੱਸ. ਐੱਲ. 744 ਅਤੇ ਐੱਸ. ਐੱਲ. 525 ਸਿਫਾਰਸ਼ ਕੀਤੀਆਂ ਕਿਸਮਾਂ ਹਨ ਇਕ ਏਕੜ ਲਈ 30 ਕਿਲੋ ਬੀਜ ਚਾਹੀਦਾ ਹੈ। ਬੀਜਣ ਤੋਂ ਪਹਿਲਾਂ ਬੀਜ ਨੂੰ ਬਰੈਡੀਰਾਈਜ਼ੋਬੀਅਮ ਦਾ ਟੀਕਾ ਜ਼ਰੂਰ ਲਗਾ ਲਵੋ। ਸੋਇਆਬੀਨ ਦੀ ਖੇਤੀ ਮੱਕੀ ਵਿਚ ਵੀ ਕੀਤੀ ਜਾ ਸਕਦੀ ਹੈ। ਮੱਕੀ ਦੀਆਂ ਲਾਈਨਾਂ ਵਿਚਕਾਰ ਇਕ ਲਾਈਨ ਸੋਇਆਬੀਨ ਦੀ ਬੀਜੀ ਜਾ ਸਕਦੀ ਹੈ।

ਸਾਉਣੀ ਦੀਆਂ ਸਾਰੀਆਂ ਫਸਲਾਂ ਦੀ ਬਿਜਾਈ ਲਈ ਹੁਣ ਢੁਕਵਾਂ ਸਮਾਂ ਹੈ। ਹਮੇਸ਼ਾਂ ਪੰਜਾਬ ਵਿਚ ਕਾਸ਼ਤ ਲਈ ਸਿਫਾਰਸ਼ ਕੀਤੀਆਂ ਕਿਸਮਾਂ ਹੀ ਬੀਜਣੀਆਂ ਚਾਹੀਦੀਆਂ ਹਨ। ਝੋਨੇ ਦੀ ਲੁਆਈ ਪਹਿਲੀ ਜੂਨ ਤੋਂ ਸ਼ੁਰੂ ਹੋ ਰਹੀ ਹੈ। ਯਤਨ ਕਰੋ ਕਿ ਇਹ ਜੂਨ ਵਿਚ ਪੂਰੀ ਹੋ ਜਾਵੇ। ਜੇਕਰ ਅਗਲੇ ਮਹੀਨੇ ਲੁਆਈ ਕਰਨੀ ਪੈ ਜਾਵੇ ਤਾਂ ਪੱਕਣ ਵਿਚ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਲੁਆਈ ਕਰੋ। ਪੀ ਆਰ 126, ਐੱਚ ਕੇ ਆਰ 47 ਤੇ ਪੀ ਆਰ 130 ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਹਨ। ਝੋਨੇ ਦੀ ਲੁਆਈ ਆਪਣੀ ਦੇਖ ਰੇਖ ਹੇਠ ਕਰਵਾਓ ਤਾਂ ਜੋ ਇਕ ਥਾਂ ਦੋ ਬੂਟੇ ਲਗਾਏ ਜਾ ਸਕਣ, ਬੂਟੇ ਚੰਗੀ ਤਰ੍ਹਾਂ ਗੱਡੇ ਜਾਣ ਅਤੇ ਪੂਰੀ ਗਿਣਤੀ ਵਿਚ ਲਗਾਏ ਜਾਣ। ਇਕ ਵਰਗ ਮੀਟਰ ਥਾਂ ਵਿਚ 33 ਬੂਟੇ ਲਗਾਉਣ ਦਾ ਯਤਨ ਕੀਤਾ ਜਾਵੇ। ਪੰਜਾਬ ਵਿਚ ਝੋਨੇ ਦੀ ਕਿਸੇ ਵੀ ਦੋਗਲੀ ਕਿਸਮ ਦੀ ਸਿਫਾਰਸ਼ ਨਹੀਂ ਕੀਤੀ ਗਈ। ਇਸ ਕਰਕੇ ਦੋਗਲੀਆਂ ਕਿਸਮਾਂ ਦੀ ਕਾਸ਼ਤ ਨਾ ਕੀਤੀ ਜਾਵੇ। ਪੂਸਾ 44 ਕਿਸਮ ਦੀ ਬਿਜਾਈ ਉੱਤੇ ਸਰਕਾਰ ਨੇ ਪਾਬੰਦੀ ਲਗਾਈ ਹੈ। ਇਸ ਦੀ ਕਾਸ਼ਤ ਨਾ ਕਰੋ।

ਨਰਮਾ ਪੱਛਮੀ ਜ਼ਿਲ੍ਹਿਆਂ ਦੀ ਮੁੱਖ ਫਸਲ ਹੈ। ਇਸ ਉੱਤੇ ਕੀੜਿਆਂ ਅਤੇ ਬਿਮਾਰੀਆਂ ਦਾ ਹਮਲਾ ਸਭ ਤੋਂ ਵੱਧ ਹੁੰਦਾ ਹੈ। ਇਸ ਕਰਕੇ ਕੀਟਨਾਸ਼ਕਾਂ ਦੀ




ਵਰਤੋਂ ਕਰਨੀ ਪੈਂਦੀ ਹੈ। ਫਸਲ ਦਾ ਰੋਜ਼ ਸਰਵੇਖਣ ਕਰੋ। ਜਦੋਂ ਫਸਲ ਉੱਤੇ ਕਿਸੇ ਕੀੜੇ ਜਾਂ ਬਿਮਾਰੀ ਦਾ ਹਮਲਾ ਨਜ਼ਰ ਆਵੇ ਤਾਂ ਤੁਰੰਤ ਆਪਣੇ ਇਲਾਕੇ ਦੇ ਖੇਤੀ ਮਾਹਿਰ ਨਾਲ ਸੰਪਰਕ ਕਰੋ। ਉਸੇ ਦੀ ਸਲਾਹ ਨਾਲ ਜ਼ਹਿਰਾਂ ਦੀ ਵਰਤੋਂ ਕੀਤੀ ਜਾਵੇ। ਆਪਣੇ ਆਪ ਜਾਂ ਕਿਸੇ ਦੁਕਾਨਦਾਰ ਦੇ ਆਖਣ ਉੱਤੇ ਜ਼ਹਿਰਾਂ ਦਾ ਛਿੜਕਾਅ ਕਰਨ ਤੋਂ ਗੁਰੇਜ਼ ਕੀਤਾ ਜਾਵੇ। ਜੇਕਰ ਮੀਂਹ ਨਹੀਂ ਪਿਆ ਅਤੇ ਨਰਮੇ ਨੂੰ ਪਹਿਲਾ ਪਾਣੀ ਨਹੀਂ ਦਿੱਤਾ ਤਾਂ ਹੁਣ ਪਾਣੀ ਜ਼ਰੂਰ ਲਗਾਵੋ। ਜ਼ਹਿਰ ਖਰੀਦਣ ਸਮੇਂ ਉਸ ਦੇ ਡੱਬੇ 'ਤੇ ਲਿਖੀ ਮਿਤੀ ਜ਼ਰੂਰ ਪੜ੍ਹੋ, ਮਿਆਦ ਲੰਘ ਚੁੱਕੀਆਂ ਜ਼ਹਿਰਾਂ ਦੀ ਵਰਤੋਂ ਨਾ ਕਰੋ।



**ਬਾਸਮਤੀ ਦੀ ਲੁਆਈ ਜੂਨ ਮਹੀਨੇ ਬਿਲਕੁਲ ਨਹੀਂ ਕਰਨੀ ਚਾਹੀਦੀ, ਕਿਉਂਕਿ ਮੌਸਮ ਅਨੁਕੂਲ ਨਾ ਹੋਣ ਕਰਕੇ ਬਾਸਮਤੀ ਵਾਲੇ ਗੁਣ ਨਹੀਂ ਬਣਦੇ। ਬਾਸਮਤੀ ਦੀ ਲੁਆਈ ਅਗਲੇ ਮਹੀਨੇ ਕਰੋ। ਪੂਸਾ ਬਾਸਮਤੀ 1847, ਪੰਜਾਬ ਬਾਸਮਤੀ ਤੋਂ 7 ਤੋਂ 19 ਕੁਇੰਟਲ ਝਾੜ ਪ੍ਰਤੀ ਏਕੜ ਪ੍ਰਾਪਤ ਹੋ ਜਾਂਦਾ ਹੈ। ਇਨ੍ਹਾਂ ਦੀ ਪਨੀਰੀ ਹੁਣ ਬੀਜਣ ਦਾ ਸਮਾਂ ਹੈ।**

ਮਾਂਹ ਦੀ ਦਾਲ ਪੰਜਾਬੀ ਘਰਾਂ ਵਿਚ ਸਭ ਤੋਂ ਵੱਧ ਵਰਤੀ ਜਾਂਦੀ ਹੈ। ਇਸ ਨੂੰ ਸ਼ਗਨਾਂ ਦੀ ਨਿਸ਼ਾਨੀ ਵੀ ਮੰਨਿਆ ਜਾਂਦਾ ਹੈ। ਬਜ਼ਾਰ ਵਿਚ ਇਹ ਸਭ ਤੋਂ ਮਹਿੰਗੀ ਮਿਲਦੀ ਹੈ। ਪਰ ਬਹੁਤ ਘੱਟ ਕਿਸਾਨ ਮਾਂਹ ਦੀ ਕਾਸ਼ਤ ਕਰਦੇ ਹਨ। ਪਿਛਲੇ ਸਾਲ ਪੰਜਾਬ ਵਿਚ ਕੇਵਲ ਦੋ ਹਜ਼ਾਰ ਹੈਕਟਰ ਤੋਂ ਵੀ ਘੱਟ ਰਕਬੇ ਵਿਚ ਇਸ ਦੀ ਕਾਸ਼ਤ ਕੀਤੀ ਗਈ ਸੀ। ਘੱਟੋ-ਘੱਟ ਘਰ ਦੀ ਵਰਤੋਂ ਲਈ ਕੁਝ ਰਕਬੇ ਵਿਚ ਇਸ ਦੀ ਬਿਜਾਈ ਜ਼ਰੂਰ ਕਰਨੀ ਚਾਹੀਦੀ ਹੈ। ਇਹ ਮਨੁੱਖ ਦੀ ਸਿਹਤ ਲਈ ਹੀ ਠੀਕ ਨਹੀਂ ਸਗੋਂ ਧਰਤੀ ਦੀ ਸਿਹਤ ਵੀ ਠੀਕ ਕਰਦੀ ਹੈ। ਇਸ ਦੀ ਬਿਜਾਈ ਇਸ ਮਹੀਨੇ ਦੇ ਅਖੀਰ ਵਿਚ ਜਾਂ ਅਗਲੇ ਮਹੀਨੇ ਦੇ ਸ਼ੁਰੂ ਵਿਚ ਕਰ ਦੇਣੀ ਚਾਹੀਦੀ ਹੈ। ਪੰਜਾਬ ਵਿਚ ਕਾਸ਼ਤ ਲਈ ਮਾਂਹ 883, ਮਾਂਹ 114 ਅਤੇ ਮਾਂਹ 338 ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਵਧੀਆ ਫਸਲ 4 ਕੁਇੰਟਲ ਤੱਕ ਪ੍ਰਤੀ ਏਕੜ ਝਾੜ ਦੇ ਦਿੰਦੀ ਹੈ। ਇਕ ਏਕੜ ਲਈ 8 ਕਿਲੋ ਮੋਟਾ ਤੇ ਨਿਰੋਗ ਬੀਜ ਚਾਹੀਦਾ ਹੈ। ਬਿਜਾਈ ਕਰਦੇ ਸਮੇਂ ਕਤਾਰਾਂ ਵਿਚਕਾਰ ਫਾਸਲਾ 30 ਸੈਂਟੀਮੀਟਰ ਰੱਖਿਆ ਜਾਵੇ। ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ ਇਕ ਮਹੀਨੇ ਪਿੱਛੋਂ ਗੋਡੀ ਜ਼ਰੂਰ ਕਰੋ। ਬਰਸਾਤ ਦਾ ਪਾਣੀ ਖੇਤਾਂ ਵਿਚ ਖੜ੍ਹਾ ਨਹੀਂ ਹੋਣ ਦੇਣਾ ਚਾਹੀਦਾ। ਬਿਜਾਈ ਸਮੇਂ 11 ਕਿਲੋ ਯੂਰੀਆ ਅਤੇ 60 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਪਾ ਦੇਣਾ ਚਾਹੀਦਾ ਹੈ। ਮਾਂਹਾਂ ਨੂੰ ਮੱਕੀ ਦੀ ਫਸਲ ਵਿਚ ਵੀ ਬੀਜਿਆ ਜਾ ਸਕਦਾ ਹੈ।

ਮੱਕੀ ਦੀ ਬਿਜਾਈ ਇਸ ਹਫਤੇ ਪੂਰੀ ਕਰ ਲੈਣੀ ਚਾਹੀਦੀ ਹੈ। ਪੰਜਾਬ ਵਿਚ ਕਾਸ਼ਤ ਲਈ, ਪੀ. ਐਮ. ਐਚ 11, ਪੀ. ਐਮ. ਐਚ 1, ਪੀ. ਐਮ. ਐਚ 17, ਡੀ ਕੇ ਸੀ. 9144 ਅਤੇ ਪੀ. ਐਮ. ਐਚ-2 ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਪੀ. ਐਮ. ਐਚ-2 ਕੇਵਲ 83 ਦਿਨਾਂ ਵਿਚ ਪੱਕ ਜਾਂਦੀ ਹੈ ਪਰ ਇਸ ਦਾ ਝਾੜ 18 ਕੁਇੰਟਲ ਪ੍ਰਤੀ ਏਕੜ ਹੈ। ਸਭ ਤੋਂ ਵੱਧ ਝਾੜ 25



ਕੁਇੰਟਲ ਪ੍ਰਤੀ ਏਕੜ ਜੀ ਐਮ. ਐਚ-17 ਦਾ ਹੈ। ਇਹ ਕਿਸਮ 96 ਦਿਨਾਂ ਵਿਚ ਪੱਕ ਜਾਂਦੀ ਹੈ। ਜੇਕਰ ਮੰਡੀ ਵਿਚ ਹਰੀਆਂ ਛੱਲੀਆਂ ਵੇਚਣੀਆਂ ਹੋਣ ਤਾਂ ਪੰਜਾਬ ਸਵੀਟ ਕੋਰਨ 1 ਕਿਸਮ ਦੀ ਬਿਜਾਈ ਕਰੋ। ਇਸ ਦੇ ਦਾਣੇ ਮਿੱਠੇ ਹੁੰਦੇ ਹਨ ਅਤੇ ਮਹਿੰਗੇ ਭਾਅ ਵਿਕਦੀ ਹੈ। ਇਸੇ ਤਰ੍ਹਾਂ ਪੋਪ ਕਾਰਨ ਬਣਾਉਣ ਲਈ ਪਰਲ ਪੋਪ ਕਾਰਨ ਕਿਸਮ ਬੀਜੀ ਜਾਵੇ। ਇਸ ਦਾ ਝਾੜ ਕੋਈ 12 ਕੁਇੰਟਲ ਪ੍ਰਤੀ ਏਕੜ ਹੈ। ਜੇਕਰ ਵਿਕਰੀ ਦਾ ਪ੍ਰਬੰਧ ਹੋ ਸਕੇ ਤਾਂ ਕੁਝ ਰਕਬੇ ਵਿਚ ਮੱਕੀ ਦੀ ਕਾਸ਼ਤ ਬੇਬੀ ਕਾਰਨ ਲਈ ਕਰਨੀ ਚਾਹੀਦੀ ਹੈ। ਬੇਬੀ ਕਾਰਨ ਲਈ ਛੱਲੀ ਦੇ ਸੂਤ ਕੱਤਣਾ ਸ਼ੁਰੂ ਹੁੰਦਿਆਂ ਹੀ ਛੱਲੀ ਤੋੜ ਲਈ ਜਾਂਦੀ ਹੈ। ਇਸ ਨੂੰ ਚੰਗੇ ਹੋਟਲਾਂ ਵਿਚ ਸਲਾਦ, ਪਕੌੜੇ, ਅਚਾਰ ਆਦਿ ਲਈ ਵਰਤਿਆ ਜਾਂਦਾ ਹੈ। ਇਸ ਲਈ ਬੇਬੀ ਕਾਰਨ-1 ਕਿਸਮ ਦੀ ਕਾਸ਼ਤ ਕਰਨੀ ਚਾਹੀਦੀ ਹੈ। ਇਕ ਏਕੜ ਲਈ 10 ਕਿਲੋਗ੍ਰਾਮ ਬੀਜ ਦੀ ਲੋੜ ਹੈ। ਹਮੇਸ਼ਾਂ ਰੋਗ ਰਹਿਤ, ਨਰੋਆ ਅਤੇ ਸਿਫਾਰਸ਼ ਕੀਤੀ ਕਿਸਮ ਦਾ ਬੀਜ ਵਰਤੋ। ਸਾਉਣੀ ਦੀਆਂ ਫਸਲਾਂ ਵਿਚ ਜੇਕਰ ਹੋ ਸਕੇ ਤਾਂ ਰੂੜੀ ਦੀ ਵਰਤੋਂ ਜ਼ਰੂਰ ਕਰੋ।

# ਬਾਪੂ ਤਾਂ ਵਿਹਲਾ



ਜਨਮੇਜਾ ਸਿੰਘ ਜੌਹਲ
ਮੋ. 98159-45018

ਇਕ ਉਮਰ ਤੋਂ ਬਾਅਦ ਹਰ ਇਨਸਾਨ ਵਿਹਲਾ ਹੋ ਜਾਂਦਾ ਹੈ ਕਿਉਂਕਿ ਜੋ ਉਸ ਦੇ ਪਰਿਵਾਰਕ ਤੇ ਆਰਥਿਕ ਸਾਧਨ ਹਨ, ਉਨ੍ਹਾਂ ਦਾ ਅੰਤਿਮ ਪੜਾਅ ਹੋ ਜਾਂਦਾ ਹੈ ਤਾਂ ਉਸ ਨੂੰ ਸਮਾਂ ਕੱਢਣ ਲਈ ਬਹੁਤ ਔਖਾ ਕਾਰਜ ਮਿਲ ਜਾਂਦਾ ਹੈ। ਸਮਾਂ ਕੱਢਣਾ ਕੋਈ ਸੌਖਾ ਕੰਮ ਨਹੀਂ, ਸਵੇਰੇ ਉੱਠ ਕੇ ਬਹੁਤ ਸਾਰੇ ਲੋਕ ਪੂਜਾ-ਪਾਠ ਕਰਦੇ ਹਨ ਤੇ ਫਿਰ ਕੁਝ ਖਾ ਕੇ ਫਿਰ ਸੌਂ ਜਾਂਦੇ ਹਨ ਤੇ 10-11 ਵਜੇ ਉੱਠਦੇ ਹਨ। ਪਰ ਫਿਰ ਵੀ ਜਿਹੜਾ ਦਿਨ ਹੈ, ਉਹ ਕੱਢਣਾ ਔਖਾ ਹੋ ਜਾਂਦਾ ਹੈ। ਜਿਨ੍ਹਾਂ ਘਰਾਂ ਦੇ ਵਿਚ ਡੰਗਰ-ਵੱਛਾ ਹੈ, ਉਹ ਬੰਦੇ ਸੌਖੇ ਹੋ ਜਾਂਦੇ ਹਨ ਜਾਂ ਜਿਨ੍ਹਾਂ ਦੇ ਪਰਿਵਾਰ ਦੇ 'ਚ ਛੋਟੇ ਬੱਚੇ ਹੁੰਦੇ ਹਨ, ਉਨ੍ਹਾਂ ਨੂੰ ਸਕੂਲੋਂ ਲਿਆਉਣਾ-ਛੱਡਣਾ ਆਦਿ ਵੀ ਉਨ੍ਹਾਂ ਦੇ ਰੁਝੇਵੇਂ ਦੇ 'ਚ ਸ਼ਾਮਿਲ ਹੋ ਜਾਂਦਾ ਹੈ। ਪਰ ਜਿਨ੍ਹਾਂ ਦੇ ਬੱਚੇ ਕੈਨੇਡਾ, ਆਸਟ੍ਰੇਲੀਆ, ਅਮਰੀਕਾ ਜਾਂਦੇ ਹਨ। ਉਨ੍ਹਾਂ ਨੂੰ ਬਹੁਤ ਔਖਾ ਹੋ ਜਾਂਦਾ ਹੈ ਤੇ ਫਿਰ ਉਹ ਸੋਚਦੇ ਹਨ ਕਿ ਅਸੀਂ ਵੀ ਵਿਦੇਸ਼ਾਂ ਦੇ 'ਚ ਚਲੇ ਜਾਂਦੇ ਹਾਂ। ਪਰ ਉੱਥੇ ਜਾ ਕੇ ਜੋ ਤਕਲੀਫ ਆਉਂਦੀ ਹੈ, ਜੋ ਮੁਸ਼ਕਿਲਾਂ ਆਉਂਦੀਆਂ ਹਨ, ਉਹ ਬਿਆਨ ਨਹੀਂ ਕੀਤੀਆਂ ਜਾ ਸਕਦੀਆਂ। ਆਪਸੀ ਉਲਝਣਾਂ ਵੱਧ ਜਾਂਦੀਆਂ ਹਨ ਅਤੇ ਦਿਲ ਵੀ ਨਹੀਂ ਲੱਗਦਾ। ਇੱਥੇ ਘੱਟ-ਘੱਟ ਕੋਈ ਨਾ ਕੋਈ ਹਮ-ਉਮਰ ਸਾਥੀ ਮਿਲ ਜਾਂਦਾ ਹੈ ਜਿਸ ਦੇ ਨਾਲ ਜੀਵਨ ਗੁਜ਼ਾਰਿਆ ਹੁੰਦਾ ਹੈ ਜਾਂ ਦੋਸਤ-ਮਿੱਤਰ ਹੁੰਦਾ ਹੈ ਪਰ ਉੱਥੇ ਤਾਂ ਸਾਰੇ ਹੀ ਨਵੇਂ ਹੁੰਦੇ ਹਨ। ਉੱਥੇ ਤਾਂ ਹਰ ਕੋਈ ਇਹੀ ਕਹਿੰਦਾ ਹੈ ਕਿ ਮੈਂ ਤਾਂ ਪਿੰਡ ਦੇ 'ਚ ਸਰਪੰਚ ਸੀ, ਮੈਂ ਥਾਣੇਦਾਰ ਸੀ, ਮੈਂ ਫਲਾਣਾ ਸੀ, ਮੇਰੀ ਤਾਂ ਇੰਨੇ ਕਿੱਲ੍ਹੇ ਜ਼ਮੀਨ ਮੇਨ ਸੜਕ ਦੇ ਨਾਲ ਲੱਗਦੀ ਹੈ। ਹਰ ਬੰਦਾ ਆਪਣੇ-ਆਪ ਨੂੰ ਵੱਡਾ ਕਰ ਕੇ ਦੱਸਣ ਦੀ ਕੋਸ਼ਿਸ਼ ਕਰਦਾ ਹੈ। ਇਸ 'ਚੋਂ ਉਸ ਦਾ ਝੂਠ ਸਾਫ ਨਜ਼ਰ ਆ ਜਾਂਦਾ ਹੈ, ਜਦੋਂ ਕੁਝ ਸਮੇਂ ਬਾਅਦ ਸਾਰੇ ਇਕ-ਦੂਜੇ ਨੂੰ ਜਾਣਨ ਲੱਗ ਪੈਂਦੇ ਹਨ। ਉਮਰ ਤੋਂ ਬਾਅਦ ਵਿਹਲਾ ਸਮਾਂ ਕੱਢਣਾ ਬਹੁਤ ਔਖਾ ਹੁੰਦਾ ਹੈ। ਬੱਚੇ ਵੀ ਕਈ ਵਾਰ ਇਹ ਸਮਝਦੇ ਹਨ ਕਿ ਬਾਪੂ ਵਿਹਲਾ ਹੈ, ਇਸ ਨੂੰ ਕਿਸੇ ਨਾ ਕਿਸੇ ਅੜਿੱਕੇ ਵਾਲੇ ਕੰਮ 'ਚ ਲਾਈ ਰੱਖੋ। ਕਈ ਤਾਂ ਇੱਥੇ ਉਨ੍ਹਾਂ ਨੂੰ ਕਚਹਿਰੀਆਂ ਦੇ ਵਿਚ ਹੀ ਆਪਣੇ ਕੇਸ ਲੜਨ ਲਈ ਲਾਈ ਰੱਖਦੇ ਹਨ ਤੇ ਕਈ ਇਹ ਵੀ ਸੋਚਦੇ ਹਨ ਕਿ ਇਨ੍ਹਾਂ ਦੀ ਸੇਵਾ ਕਰਨਾ ਇਕ ਵਾਧੂ ਜਿਹਾ ਕੰਮ ਹੈ। ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਜੀਵਨ 'ਚ ਵਿਹਲਾ ਸਮਾਂ ਰਹਿਣ ਨਾ ਦਈਏ, ਆਪਣੇ-ਆਪ ਨੂੰ ਕਿਸੇ ਕਲਾ ਦੇ ਵਿਚ ਜਾਂ ਕਿਸੇ ਹੋਰ ਕਾਰਜ 'ਚ ਰੁੱਝਿਆ ਰੱਖੀਏ, ਆਪਣੇ-ਆਪ ਨੂੰ ਕਦੇ ਵਿਹਲਾ ਨਾ ਰਹਿਣ ਦਿਓ। ਜੇ ਹੋਰ ਕੁਝ ਨਹੀਂ ਤਾਂ ਕਿਤਾਬਾਂ ਹੀ ਪੜ੍ਹਨੀਆਂ ਸ਼ੁਰੂ ਕਰ ਦਿਓ, ਹਰ ਤਰ੍ਹਾਂ ਦੀਆਂ, ਹਰ ਭਾਸ਼ਾ ਦੇ ਵਿਚ ਕਿਤਾਬਾਂ ਸਾਡੇ ਲਈ ਇਕ ਬਹੁਤ ਵਧੀਆ ਸਾਥੀ ਸਿੱਧ ਹੁੰਦੀਆਂ ਹਨ। ਕਿਤਾਬਾਂ ਅਸੀਂ ਘਰੇ ਵੀ ਪੜ੍ਹ ਸਕਦੇ ਹਾਂ ਤੇ ਬਾਹਰ ਬੈਠ ਕੇ ਵੀ ਪੜ੍ਹ ਸਕਦੇ ਹਾਂ। ਇਹ ਸਮੇਂ ਦਾ ਸਹੀ ਉਪਯੋਗ ਹੈ।

ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ



ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ
ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਖੇਤੀ ਦੁਨੀਆਂ
KHETI DUNIYAN An Exclusive Agri. Weekly
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001

ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com




# ਪੰਜਾਬ ਦੇ ਕਿਸਾਨ ਵੀਰਾਂ ਨੂੰ ਅਪੀਲ

ਦੋਸਤੋ ਇਹ ਫੋਟੋ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਕਿਸਾਨ ਮੇਲੇ ਦੀ ਹੈ। ਮੇਰੇ ਵੱਲੋਂ ਖਿੱਚੀ ਗਈ ਸੀ।

ਫੋਟੋ ਵਿਚ ਜਿੱਥੇ ਇਹ ਪਤਾ ਲੱਗਦਾ ਹੈ ਕਿ ਗਰਮੀ ਤੋਂ ਬੱਚਣ ਲਈ ਜਾਨਵਰ ਤੇ ਇਨਸਾਨ ਛਾਂ ਲੈਣ ਲਈ ਇਕ ਕੁਦਰਤੀ ਰੁੱਖ ਹੇਠ ਇਕੱਠੇ ਸਨ। ਇਹੋ ਕੁਦਰਤੀ ਤਾਲਮੇਲ ਰਾਹੀਂ ਸੰਦੇਸ਼ ਮਿਲਦਾ ਹੈ ਕਿ ਸਾਰੇ ਕੁਦਰਤੀ ਜੀਵ ਇੱਕ ਦੂਜੇ ਨਾਲ ਮੇਲ ਖਾਂਦੇ ਹਨ ਤੇ ਇਕ ਦੂਜੇ ਤੋਂ ਬਿਨਾਂ ਰਹਿ ਨਹੀਂ ਸਕਦੇ, ਇਕ ਦੂਜੇ ਨਾਲ ਜੁੜੇ ਹਨ।

ਅੱਜ ਇਹੋ ਇਨਸਾਨ ਆਪਣੀ ਕੋਝੀ ਸੋਚ ਸਦਕਾ ਰੁੱਖ, ਆਲਣੇ, ਪੰਛੀ, ਪਸ਼ੂ, ਸਭ ਕੁਦਰਤੀ ਜੀਵਾਂ ਨੂੰ ਵਾਤਾਵਰਣ ਖਰਾਬ ਕਰਨ ਤੋਂ ਸਾੜਨ ਵੱਲ ਤੁਰਿਆ ਹੈ। ਇਥੋਂ ਤੱਕ ਕਿ ਮਿੱਟੀ ਦੀ ਤਾਕਤ ਨੂੰ ਖਤਮ ਕਰ ਰਿਹਾ ਹੈ। ਇਥੇ ਇਹ ਸਮਝਣ ਦੀ ਲੋੜ ਹੈ ਕਿ ਇਹ ਕੁਦਰਤ ਸਾਨੂੰ ਕਿਹੜੀ ਅਸੀਸ ਦਿੰਦੀ ਹੋਊ। ਜਦਕਿ ਇਹ ਵੀ ਆਖਿਆ ਸਮਝਿਆ ਜਾਂਦਾ ਹੈ ਕਿ ਮਨੁੱਖੀ ਜਾਮੇ ਦਾ ਦਿਮਾਗ ਹੀ ਸਭ ਨਾਲੋਂ ਵਿਕਸਿਤ ਹੈ। ਪੰਜਾਬ 'ਚ ਕਿਤੇ ਵੀ ਸੜਕਾਂ ਤੇ ਖਲੋ ਕੇ ਦੂਰ ਦੂਰ ਤੱਕ ਖੇਤਾਂ 'ਚ ਅੱਗ ਨਾਲ ਸੜੀ ਮਿੱਟੀ ਤੇ ਖੜ੍ਹੇ ਸੜੇ ਰੁੱਖਾਂ ਵੱਲ ਤੇ ਉਸ ਉਪਰ ਸੜੇ ਆਲ੍ਹਣੇ ਵੱਲ ਝਾਤੀ ਮਾਰੀ ਜਾਵੇ ਤਾਂ ਸੋਚੀਦਾ ਹੈ ਇਹ ਉਹੀ ਜਾਤੀ ਜਾਂ ਪ੍ਰਜਾਤੀ ਹੈ ਜੋ ਵਿਕਸਿਤ ਹੈ? ਵੀਰੋ ਘਰਾਂ ਵਿਚ ਜਿਹੜੇ ਮਿੱਟੀ ਦੇ ਚੁੱਲੇ ਨੂੰ ਅਸੀਂ ਅੱਗ ਲਗਾਉਂਦੇ ਹਾਂ, ਬੇਸ਼ੱਕ ਉਹ ਸੁੱਕਿਆ ਹੁੰਦਾ ਪਰ ਸਵੇਰੇ ਠੰਡੇ ਹੋਏ ਤੇ ਹੱਥ ਫੇਰ ਕੇ ਦੇਖੋ ਕਿ ਉਹ ਕਿਵੇਂ ਸੜਿਆ ਹੁੰਦਾ ਮਿੱਟੀ ਸਮੇਤ। ਉਹੀ ਰੂਪ ਅਸਲ ਖੇਤ 'ਚ ਸਾਡੀ ਮਿੱਟੀ ਦਾ ਸੜਿਆ ਤੇ ਖੁਸ਼ਕ ਹੋਇਆ ਹੁੰਦਾ ਜੋ ਆਪਣੀ ਹੋਂਦ ਖਤਮ ਕਰ ਜਾਂਦੀ ਹੈ ਉਸ ਦੇ ਦੇਣਦਾਰ ਵੀ ਤੁਸੀਂ ਹੁੰਦੇ ਹੋ।

ਇਸ ਫੋਟੋ ਵਿਚਲੇ ਸੰਦੇਸ਼ ਨੂੰ ਸਮੁੱਚੀ ਮਨੁੱਖਤਾ ਨੂੰ ਸਮਝਣ ਦੀ ਲੋੜ ਹੈ ਕਿ ਹਰੇਕ ਕੁਦਰਤੀ ਜੀਵ ਕੁਦਰਤ ਦੇ ਨਿਯਮਾਂ ਸਰੋਤਾਂ ਤੋਂ ਬਾਹਰ ਹੋ ਕੇ ਨਾ ਪਹਿਲਾਂ ਜੀਅ ਸਕਿਆ ਹੈ ਤੇ ਨਾ ਬਾਅਦ 'ਚ ਜੀਅ ਸਕੇਗਾ। ਹਾਲਾਂਕਿ ਕਿਸਾਨ ਜਥੇਬੰਦੀਆਂ



ਕਮਲਇੰਦਰਜੀਤ ਸਿੰਘ ਬਾਜਵਾ,
ਸਬ ਇੰਸਪੈਕਟਰ ਭੂਮੀ ਤੇ ਜਲ ਸੰਭਾਲ ਵਿਭਾਗ, ਸਰਕਲ ਤਲਵੰਡੀ ਭਾਈ, ਜ਼ਿਲ੍ਹਾ ਫਿਰੋਜ਼ਪੁਰ
(ਮੋ.98150-82401)

ਨੂੰ ਵੀ ਅੱਜ ਜਿੱਥੇ ਬਾਕੀ ਖੇਤੀ ਮੁੱਦਿਆਂ ਤੇ ਗੱਲਬਾਤ ਲਈ ਸਖਤ ਕਦਮ ਚੁੱਕਦਿਆਂ ਅੱਗੇ ਆਉਂਦੇ ਦੇਖਦੇ ਹਾਂ। ਉਥੇ ਸਰਕਾਰਾਂ, ਸੰਸਥਾਵਾਂ ਤੋਂ ਇਲਾਵਾ ਵੀ ਖੁਦ ਹਰ ਪਲ ਪਿੰਡ 'ਚ ਇਕ ਦੂਜੇ ਨਾਲ ਰਹਿੰਦੇ ਬੈਠਦੇ, ਸੱਥਾਂ 'ਚ ਵਿਚਰਦੇ ਹੋਏ, ਮਿੱਟੀ ਨਾਲ ਮਿੱਟੀ ਹੁੰਦੇ ਹੋਏ, ਖੇਤ 'ਚੋਂ ਸੋਨਾ ਕੱਢਣ ਵਾਲਾ ਕਿਸਾਨ ਕਹਾਉਣਾ ਛੋਟਾ ਕਥਨ ਨਹੀਂ। ਕੇਵਲ ਗੱਲ ਸਮਝ ਦੀ ਹੈ ਕਿ ਇਹ ਕਿਹੜੇ ਪਛੜੇ ਕਿਸਾਨ ਹਨ ਜੋ ਮਾਚਿਸ ਦੀ ਤੀਲੀ ਨੂੰ ਸੁੱਟਣਾ ਜ਼ਿਆਦਾ ਪਸੰਦ ਕਰਦੇ ਹਨ। ਕਿਤੇ ਚੰਗੇ ਭਲਿਆਂ ਨੂੰ ਖਰਾਬ ਕਰਨ ਵਾਲੇ ਜਾਂ ਸਾਡੇ ਆਪਣੇ ਤੇ ਕਿੰਦਾ ਪੱਛੜੀ ਮਾਨਸਿਕਤਾ 'ਚ ਬੈਠੇ ਹਨ ਜਾਂ ਕੀ ਸੋਚ ਲਈ ਬੈਠੇ ਹਨ।

ਇਹੋ ਕੁਦਰਤੀ ਜੀਵਾਂ ਨੂੰ ਖਤਮ ਕਰਦਿਆਂ ਇਨਸਾਨ ਪਲ ਨਹੀਂ ਸੋਚਦਾ। ਜਦ ਇਹੋ ਕੁਦਰਤ ਜਦੋਂ ਵਿਨਾਸ਼ਕਾਰੀ ਰੂਪ 'ਚ ਹੋ ਕੇ ਵਾਪਿਸ ਸਾਨੂੰ ਸਾਡੇ ਉਪਰ ਉਸੇ ਤਰ੍ਹਾਂ ਦਾ ਜਵਾਬ ਦੇਣ ਲਈ ਆਉਂਦੀ ਹੈ। ਉਦੋਂ ਰੱਬ ਤੇ ਉਸਦੀ ਕੁਦਰਤ ਦਿਲੋਂ ਯਾਦ ਆਉਂਦੀ ਹੈ, ਕਿ ਰੋਂਦਿਆਂ ਨੁਕਸਾਨ ਖਾਂਦਿਆਂ ਅੰਦਰੋਂ ਨਿਕਲਦਾ ਹੈ ਕਿ ਇਹ ਮੇਰੇ ਨਾਲ ਰੱਬਾ ਕਿਉਂ ਕੀਤਾ? ਫਿਰ ਆਟੇ 'ਚ ਘੁਣ ਪੀਸਣ ਵਾਲੀ ਗੱਲ ਹੋ ਜਾਂਦੀ ਹੈ ਦੋਸ਼ੀ ਕੋਈ ਤੇ ਜ਼ਿੰਮੇਵਾਰ ਸਾਰੇ।

ਗੱਲ ਮੁੱਕਦੀ ਕਰੀਏ ਕਿ ਸਾਡੀ ਨਿੱਜੀ ਅਪੀਲ ਉਹਨਾਂ ਪੰਜਾਬ ਦੇ ਪਿੰਡਾਂ ਵਿਚ ਰਹਿਣ ਵਾਲੇ ਜਾਗਰੂਕ ਕਿਸਾਨ ਭਰਾਵਾਂ ਨੂੰ ਹੈ, ਕਿ ਕਿਸਾਨਾਂ ਵੀਰੋ ਤੁਸੀਂ ਆਪਣੇ ਪਿੰਡਾਂ 'ਚ ਰਹਿੰਦੇ ਹੋਏ ਆਪਣੇ ਨੇੜਲੇ ਕਿਸਾਨ ਭਰਾਵਾਂ ਨਾਲ ਹਰ ਪਲ ਰਹਿ ਬੈਠ ਕੇ ਬਿਨਾਂ ਬੁਰੇ ਬਣਿਉ, ਤੁਸੀਂ ਆਪਣੇ ਪੱਧਰ ਤੇ ਆਪ ਬੇਨਤੀ, ਅਪੀਲ, ਸੁਝਾਅ ਦੇਣ ਨਾਲ ਮਿੱਟੀ ਤੇ ਕੁਦਰਤੀ ਜੀਵਾਂ ਨੂੰ ਨਾ ਸਾੜਨ ਬਾਰੇ ਪਲ ਪਲ ਤੇ ਕਰ ਤੇ ਕਹਿ ਸਕਦੇ ਹੋ। ਉਨਾ ਕੋਈ ਹੋਰ ਨਹੀਂ ਕਰ ਸਕਦਾ, ਭਾਵੇਂ ਉਹ ਕੋਈ ਸਰਕਾਰੀ ਅਦਾਰਾ ਵੀ ਹੋਵੇ। ਨਤੀਜਾ ਉਥੇ ਅਸੀਂ ਸਭ ਨੇ ਦੇਖ ਲਿਆ ਜੋ ਪ੍ਰਸ਼ਾਸਨ ਵੱਲੋਂ ਬੇਸ਼ੱਕ ਸੌ ਧਰਾਵਾਂ ਅੱਗ ਲਗਾਉਣ ਜਾਂ ਸਖਤ ਵਰਤ ਕੇ ਵੀ ਨਹੀਂ ਕਰ ਸਕਦੇ। ਪਿੰਡ ਵਿਚ ਜੇਕਰ ਅੜਬ ਡਿੱਗੀ ਹੋਈ ਭਾਸ਼ਾ ਸੁਣੀਂ ਵੀ ਜਾਵੇ ਤਾਂ ਕਿਹਾ ਜਾਂਦਾ ਕਿ ਤਾਂ ਕੀ ਹੋ ਗਿਆ। ਫਿਰ ਕੀ ਹੋ ਗਿਆ? ਦੇਖ ਲਵਾਂਗੇ ਜੋ ਕੋਈ ਆਇਆ? ਜਾਂ ਉੱਥੇ ਉਸਨੇ ਫਲਾਣਾ ਕੰਮ ਕੀਤਾ ਤਦ ਉੱਥੇ ਕੀ ਹੋ ਗਿਆ। ਖੈਰ ਮਨੁੱਖ ਨੂੰ ਕੇਵਲ ਅੱਜ ਮਾਨਸਿਕਤਾ 'ਚ ਬਦਲਾਅ ਲਿਆਉਣ ਬੇਹੱਦ ਜ਼ਰੂਰੀ ਹੈ। ਸਿਆਣਿਆਂ ਕਿਹਾ ਕਦੇ ਏਂ ਨਾ ਭੁੱਲੀਏ ਕਿ ਜਿਹੜੀ ਧਰਤਿ ਦਾ ਖਾਈਐ, ਉਸ ਨੂੰ ਅੱਗ ਨਾ ਕਦੇ ਲਗਾਈਐ।

## ਨਰਮੇ ਦੇ ਬੀਜ ਤੇ ਸਬਸਿਡੀ ਲਈ ਅਪਲਾਈ ਕਰਨ ਦੀ ਆਖਰੀ ਮਿਤੀ 31 ਮਈ

### *ਕਿਸਾਨ ਜਲਦੀ ਤੋਂ ਜਲਦੀ ਸਬਸਿਡੀ ਲਈ ਆਨਲਾਈਨ ਅਪਲਾਈ ਕਰਨ*

ਫਾਜ਼ਿਲਕਾ ਦੇ ਮੁੱਖ ਖੇਤੀਬਾੜੀ ਅਫਸਰ ਰਜਿੰਦਰ ਕੁਮਾਰ ਕੰਬੋਜ ਨੇ ਦੱਸਿਆ ਹੈ ਕਿ ਫਾਜ਼ਿਲਕਾ ਜ਼ਿਲ੍ਹੇ ਵਿੱਚ ਹੁਣ ਤੱਕ 55 ਹਜਾਰ ਹੈਕਟੇਅਰ ਵਿੱਚ ਨਰਮੇ ਦੀ ਬਜਾਈ ਹੋ ਚੁੱਕੀ ਹੈ। ਉਹਨਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨਰਮੇ ਦੇ ਬੀਜਾਂ ਤੇ 33 ਫੀਸਦੀ ਸਬਸਿਡੀ ਦਿੱਤੀ ਜਾ ਰਹੀ ਹੈ। ਇਸ ਲਈ ਕਿਸਾਨ 31 ਮਈ 2025 ਤੋਂ ਪਹਿਲਾਂ ਪਹਿਲਾਂ ਵਿਭਾਗ ਦੇ ਪੋਰਟਲ https://agrimachinerypb.com/ ਤੇ ਆਨਲਾਈਨ ਅਪਲਾਈ ਕਰ ਸਕਦੇ ਹਨ। ਹੁਣ ਤੱਕ 20 ਹਜਾਰ ਹੈਕਟੇਅਰ ਲਈ 11000 ਕਿਸਾਨਾਂ ਨੇ ਹੀ ਅਰਜ਼ੀਆਂ ਦਿੱਤੀਆਂ ਹਨ ਜਦਕਿ ਬਿਜਾਈ 55 ਹਜਾਰ ਹੈਕਟੇਅਰ ਵਿੱਚ ਹੋ ਚੁੱਕੀ ਹੈ। ਉਹਨਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਬਿਨਾਂ ਦੇਰੀ ਬੀਜ ਤੇ ਸਬਸਿਡੀ ਲੈਣ ਲਈ ਅਪਲਾਈ ਕੀਤਾ ਜਾਵੇ। ਇਹ ਸਬਸਿਡੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਖੇਤੀਬਾੜੀ ਵਿਭਾਗ ਤੋਂ ਮਾਨਤਾ ਪ੍ਰਾਪਤ ਬੀਟੀ ਕਿਸਮਾਂ ਦੇ ਬੀਜ ਤੇ ਮਿਲ ਰਹੀ ਹੈ। ਇੱਕ ਕਿਸਾਨ ਨੂੰ ਵੱਧ ਤੋਂ ਵੱਧ 10 ਪੈਕਟਾਂ ਤੱਕ ਲਈ ਇਹ ਸਬਸਿਡੀ ਮਿਲ ਰਹੀ ਹੈ। ਉਹਨਾਂ ਨੇ ਕਿਸਾਨਾਂ ਨੂੰ ਛੇਤੀ ਤੋਂ ਛੇਤੀ ਇਸ ਲਈ ਅਪਲਾਈ ਕਰਨ ਦੀ ਅਪੀਲ ਕੀਤੀ।